SAINI BHAWAN RUPNAGAR PUNJAB
ਸਰਬਤ ਦਾ ਭਲਾ
Estb. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

38
Sep. - Dec. 2020

ਸੈਣੀ ਸੰਸਾਰ
Saini Sansar

A BIG SALUTE TO CORONA WARRIORS

ਅੰਦਰ ਪੜ੍ਹੋ

- ਸੈਣੀ ਸਖ਼ਸ਼ੀਅਤਾਂ
- ਰੋਚਿਕ ਸਾਹਿਤਕ ਰਚਨਾਵਾਂ
- ਸਿਹਤਮੰਦ ਜੀਵਨ ਜਾਚ
- ਸੈਣੀ ਭਵਨ ਦੀਆਂ ਸਰਗਰਮੀਆਂ
- ਅਦਭੁੱਤ ਕੁਦਰਤੀ ਕ੍ਰਿਸ਼ਮੇ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

R.N.I. No. : PUNBIL/2011/48578

Volume - X, Issue - III

Saini Sansar

(Quarterly)

September- December 2020

PUBLISHER, PRINTER & OWNER
Kaka Ram Saini Charitable Trust (Regd.)
Saini Bhawan,
Roopnagar-140001 (Pb.)

PRINTING PRESS
Tej Printing Press
Phool Chakkar Bazar,
Roopnagar -140001 (Pb.)

PLACE OF PUBLICATION
Saini Bhawan
Roopnagar -140001 (Pb.)

CHIEF EDITOR (HONORARY)
Dr. Ajmer Singh Tamber
B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

FOUNDER
Late Sh. L.R. Mundra
Asstt. Police Commissioner (Delhi) (Retd.)

CHIEF EDITOR
Dr. Ajmer Singh Tamber
Dy. Director (Edu.) Pb. (Retd.)
Ph. : 94176-02835

MANAGER (Accounts)
S. Rajinder Singh
Supdtt. Secretriate (Retd.)
Ph. : 94646-49922

MANAGER (Circulation)
S. Ajmer Singh Dhamrait
Supdt. Edu. Deptt. (Retd.)
Ph. : 9417586075

EDITORIAL BOARD

Dr. Jaswant Kaur Saini
Associate Professor (Retd.)
Ph. : 94178-02835

S. Balbir Singh Saini
Editor Magzine "Sool Surahi"
Ph. : 94646-47540

Sh. Rajinder Saini
Asstt. Public Relations Officer (Retd.)
Ph. : 98722-20400

S. Surinder Singh
Inspector Health Deptt. (Rtd.)
Ph. : 99880-06822

Assistant Manager (Circulation)
S. Gurcharan Singh
Supdt. Edu. Deptt. (Retd.)
Ph. : 01881220040

ADVISORS :

India : **S. Bahadurjeet Singh** President Rupnagar Press Club.
Sh. Narinder 'Nindi' Director Pb. Arts International Chd.

Australia : **S. Malkiat Singh Saini,**
#4, Arnika Court, Jereme Grove, Glenwoood, Sydney-Australia

U.S.A. : **Dr. Manavpreet Kaur** Professor (English)
2421, Bryce Wood Lane, Plano-Tx-75025 (USA).

U.K. : **Sh. Tarsem Singh Saini**
14, Forest Road, Cambridge-CB1 9JB (U.K.)

Canada : **Dr. D.P. Singh**
2516, Pollard, Drive Mississauga, Ontario, Canada-LSC3HI

Subscription / Assistance Money	India	Abroad
One Copy	₹ 30	2 £, 4 $, 4 €
Annual (Four Copies)	₹ 100	8 £, 15 $, 15 €
For Five Years	₹ 500	40 £, 75 $, 75 €

ਚੰਦਾ/ਸਹਾਇਤਾ ਰਾਸ਼ੀ	ਭਾਰਤ	ਵਿਦੇਸ਼
ਇੱਕ ਕਾਪੀ	30 ਰੁਪਏ	2 ਪੌਂਡ, 4 ਡਾਲਰ, 4 ਯੂਰੋ
ਸਾਲਾਨਾ (ਚਾਰ ਕਾਪੀਆਂ)	100 ਰੁਪਏ	8 ਪੌਂਡ, 15 ਡਾਲਰ, 15 ਯੂਰੋ
ਪੰਜ ਸਾਲ (20 ਕਾਪੀਆਂ)	500 ਰੁਪਏ	40 ਪੌਂਡ, 75 ਡਾਲਰ, 75 ਯੂਰੋ

ਨੋਟ : ਆਪ ਦਾ ਚੰਦਾ _____ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
President, Kaka Ram Saini Charitable Trust (Regd.)
Saini Bhavan, Roopnagar-140001, Punjab - India
Ph. : 01881-220078, 220181
Our Bank : Indian Bank, Ropar. IFSC Code : IDIB000R027 Account No. : 833562779
E-mail : sainibhawanrpr@gmail.com
Website : www.sainibhawan.org

Date of Publication : 08.09.2020

ਸੈਣੀ ਸੰਸਾਰ
(ਤਿਮਾਹੀ)

ਜਿਲਦ 10, ਅੰਕ 3 ਸਤੰਬਰ - ਦਸੰਬਰ 2020

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਕੋਰੋਨਾ ਵਿਰੁੱਧ ਲੜਨ ਵਾਲੇ ਯੋਧੇ।

ਤੱਤਕਰਾ

ਕੀ	ਕਿੱਥੇ
ਸੰਪਾਦਕੀ - ਕਰੋਨਾ ਦਾ ਸਬਕ	3-4
ਕਵਿਤਾਵਾਂ	5
ਸੈਣੀ ਭਵਨ ਦੀਆਂ ਸਰਗਰਮੀਆਂ	6-7
ਕਵਿਤਾ	8
ਮਹਾਂਸਾਗਰਾਂ ਦਾ ਪਾਂਧੀ - ਜੇਮਜ਼ ਕੁੱਕ	9-10
ਕਹਾਣੀ - ਜਾਹ ਪਰੇ	11-12
ਕਵਿਤਾਵਾਂ	13
ਗੁਰੂ ਨਾਨਕ ਅਤੇ ਸਿੱਖੀ	14-15
ਸੈਣੀ ਸੁਤੰਤਰਤਾ ਸੰਗ੍ਰਾਮੀ ਸ਼ਹੀਦ	16
ਭੇਦਭਰੀ ਚਿੱਠੀ, ਜਿਸ ਨੇ ਰਾਜ-ਪਲਟਾ ਕਰ ਦਿੱਤਾ	17
ਗੋਦੜੀ ਦਾ ਹੀਰਾ, ਦਾਨੀ ਪੁਰਸ਼ਾਂ ਦੀ ਸੂਚੀ	18
ਕੁਦਰਤੀ ਕ੍ਰਿਸ਼ਮਾ - ਗਰਜਦਾ ਧੂੰਆਂ	19
ਗਜ਼ਲ, ਪੁਲਿਸ ਅਧਿਕਾਰੀ ਰਵੀ ਮੋਹਨ ਸੈਣੀ	20
ਪੁਸਤਕ "ਮੇਰਾ ਪਿੰਡ ਲਧਾਣਾ ਝਿੱਕਾ" ਦਾ ਸਾਰ	21
ਬੱਚਿਆਂ ਲਈ ਕਹਾਣੀ - ਜਿੱਤ	22-23
New Life Members of Saini Bhawan	24
ਗੁਲਾਮੀ ਭੋਗਦੇ ਆਜ਼ਾਦ ਲੋਕ	25
ਆਈਕੌਨਿਕ ਓਲੰਪਿਅਨ ਦਾ ਵਿਛੋੜਾ	26
ਸ਼ਰਧਾ ਦਾ ਸ਼ੁਦਾਅ	27-28
ਪੁਸਤਕ "ਡਾਰੋਂ ਵਿਛੜੀ ਕੂੰਜ" ਦਾ ਸਾਰ	29
ਖੜ੍ਹੇ ਦਾ ਖਾਲਸਾ	30
ਅਜੋਕੇ ਯੁੱਗ ਦੀ ਜ਼ਰੂਰਤ - ਆਤਮਨਿਰਭਰਤਾ	31-32
ਭਾਰਤ ਦੀ ਪਹਿਲੀ ਆਜ਼ਾਦੀ ਸੰਗ੍ਰਾਮੀ ਔਰਤ	33
ਚਲੋ ਕਰੋਨਾ ਕਾਰਨ ਕੁੱਝ ਤਾਂ ਫਾਇਦਾ ਹੋਇਆ	34
Matrimonials	35-40

"ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

	ਇੱਕ ਕਾਪੀ	ਸਾਲਾਨਾ (ਚਾਰ ਕਾਪੀਆਂ)
ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ)	: 3500 ਰੁ:	13000 ਰੁ:
ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ)	: 3000 ਰੁ:	11000 ਰੁ:
ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 2000 ਰੁ:	7000 ਰੁ:
ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ)	: 2500 ਰੁ:	9000 ਰੁ:
ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 1500 ਰੁ:	5500 ਰੁ:
ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ)	: 2000 ਰੁ:	7000 ਰੁ:
ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ)	: 1300 ਰੁ:	5000 ਰੁ:
ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ	4 ਸੈ.ਮੀ. x 6 ਸੈ.ਮੀ. : 500 ਰੁ:	8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

ਕਰੋਨਾ ਦਾ ਸਬਕ

ਅਜਮੇਰ ਸਿੰਘ (ਡਾ.)
ਰੂਪਨਗਰ

ਮਨੁੱਖੀ ਇਤਿਹਾਸ ਸੰਘਰਸ਼ਾਂ ਦੀ ਗਾਥਾ ਹੈ। ਮਨੁੱਖੀ ਨਸਲ ਦੀ ਅੱਖ ਖੁਲ੍ਹਦਿਆਂ ਸਾਰ ਹੀ ਇਸ ਦਾ ਵਾਸਤਾ ਚੌਗਿਰਦੇ ਵਿੱਚ ਆਪਣੇ ਨਾਲੋਂ ਕਿਤੇ ਵੱਧ ਤਾਕਤਵਾਰ ਖੁੰਖਾਰ ਜਾਨਵਰਾਂ, ਝੱਖੜਾਂ, ਭੂਚਾਲਾਂ ਤੇ ਹੜ੍ਹਾਂ ਨਾਲ ਪਿਆ। ਇਨ੍ਹਾਂ ਦੇ ਸਾਹਮਣੇ ਮਨੁੱਖ ਬਹੁਤ ਕਮਜ਼ੋਰ ਤੇ ਲਾਚਾਰ ਸੀ। ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਮਨੁੱਖ ਨੂੰ ਇਨ੍ਹਾਂ ਕੁਦਰਤੀ ਆਫਤਾਂ ਨਾਲ ਟੱਕਰ ਲੈਣੀ ਪਈ। ਪਰ ਉਸ ਨੇ ਈਨ ਨਹੀਂ ਮੰਨੀ ਅਤੇ ਆਪਣੇ ਮਨੋਬਲ ਤੇ ਸੋਝੀ ਨਾਲ ਇਨ੍ਹਾਂ ਨੂੰ ਆਪਣੇ ਕਾਬੂ ਵਿੱਚ ਕੀਤਾ। ਮਨੁੱਖ ਨੇ ਦਰਖਤਾਂ ਨੂੰ ਕੱਟ ਕੇ ਜੰਗਲ ਨੂੰ ਰਹਿਣਯੋਗ ਬਣਾਇਆ, ਦਰਿਆਵਾਂ ਨੂੰ ਨੱਥ ਪਾਉਣ ਲਈ ਇਨ੍ਹਾਂ 'ਤੇ ਬੰਨ੍ਹ ਮਾਰੇ, ਪਹਾੜ ਕੱਟ ਕੇ ਰਸਤੇ ਬਣਾਏ ਅਤੇ ਜ਼ੋਰਾਵਰ ਜਾਨਵਰਾਂ ਨੂੰ ਨਕੇਲ ਪਾ ਕੇ ਆਪਣੇ ਗੁਲਾਮ ਬਣਾਇਆ। ਜਦੋਂ ਵੀ ਮਨੁੱਖ ਨੂੰ ਕਿਸੇ ਮਹਾਂਮਾਰੀ ਨੇ ਵੰਗਾਰਿਆ ਤਾਂ ਉਸ ਨੇ ਉਸ ਅੱਗੇ ਗੋਡੇ ਨਹੀਂ ਟੇਕੇ ਅਤੇ ਅੰਤ ਜਿੱਤ ਹਾਸਲ ਕੀਤੀ। ਇਸ ਪ੍ਰਕਾਰ ਉਸ ਨੇ ਮਨੁੱਖੀ ਇਤਿਹਾਸ ਦੀ ਸਿਰਜਣਾ ਕੀਤੀ।

ਮਨੁੱਖ ਨੇ ਆਪਣੀ ਗਲਤੀ ਤੇ ਅਗਿਆਨਤਾ ਕਾਰਨ ਉਪਜੀਆਂ ਅਨੇਕਾਂ ਮਹਾਂਮਾਰੀਆਂ ਦਾ ਵੀ ਸਾਹਮਣਾ ਕੀਤਾ। ਜਿਨ੍ਹਾਂ ਮਹਾਂਮਾਰੀਆਂ ਨੇ ਸੰਸਾਰ ਦੇ ਵਿਸ਼ਾਲ ਖੇਤਰ ਵਿੱਚ ਫੈਲ ਕੇ ਲੱਖਾਂ-ਕਰੋੜਾਂ ਮਨੁੱਖਾਂ ਦੀ ਜਾਨ ਲਈ। ਇਨ੍ਹਾਂ ਵਿੱਚ ਮੁੱਖ ਹਨ- ਪਲੇਗ, ਕਾਲੀ ਪਲੇਗ, ਚੇਚਕ, ਹੈਜ਼ਾ, ਡੇਂਗੂ, ਫਲੂ, ਤਪਦਿਕ, ਦਿਮਾਗੀ ਬੁਖਾਰ ਤੇ ਪੀਲੀਆ। ਇਹ ਲਾਗ ਦੀਆਂ ਬਿਮਾਰੀਆਂ ਹਨ ਜੋ ਮਨੁੱਖੀ ਛੂਹ ਨਾਲ ਫੈਲਦੀਆਂ ਹਨ। ਇੱਕ ਅੰਦਾਜ਼ੇ ਅਨੁਸਾਰ ਹੁਣ ਤੱਕ ਤਕਰੀਬਨ 250 ਮਹਾਂਮਾਰੀਆਂ ਨੇ ਮਨੁੱਖਤਾ ਦਾ ਘਾਣ ਕੀਤਾ ਹੈ। ਇਤਿਹਾਸ ਵਿੱਚ ਪਹਿਲੀ ਮਹਾਂਮਾਰੀ 1200 ਈ.ਪੂ. ਵਿੱਚ ਵਾਪਰਨ ਦਾ ਜ਼ਿਕਰ ਮਿਲਦਾ ਹੈ। ਈਸਵੀ ਪੂਰਬ 430 ਵਿੱਚ ਯੂਨਾਨ ਤੋਂ ਸ਼ੁਰੂ ਹੋਈ, 'ਏਥਨਜ਼ ਪਲੇਗ' ਨਾਮੀ ਮਹਾਂਮਾਰੀ ਚਾਰ ਸਾਲ ਤੱਕ ਵਿਸ਼ਵ ਵਿੱਚ ਰਹੀ ਅਤੇ ਇਸ ਨੇ ਇੱਕ ਲੱਖ ਦੇ ਕਰੀਬ ਲੋਕਾਂ ਦੀ ਜਾਨ ਲਈ ਜੋ ਉਸ ਸਮੇਂ ਦੁਨੀਆਂ ਦੀ ਆਬਾਦੀ ਦਾ ਦੋ-ਤਿਹਾਈ ਬਣਦੀ ਸੀ। ਚੌਦ੍ਹਵੀਂ ਸਦੀ ਵਿੱਚ ਯੂਰਪ ਵਿੱਚ ਫੈਲੀ 'ਕਾਲੀ ਮੌਤ ਪਲੇਗ' ਨੇ ਇਸ ਮਹਾਂਦੀਪ ਦੀ ਅੱਧੀ ਆਬਾਦੀ ਹੜੱਪ ਕਰ ਲਈ ਸੀ। ਇਨ੍ਹਾਂ ਮਹਾਂਮਾਰੀਆਂ ਨਾਲ 90 ਫੀਸਦੀ ਤੱਕ ਲੋਕਾਂ ਦੇ ਮਰਨ ਦੇ ਵੀ ਇਤਿਹਾਸਕ ਹਵਾਲੇ ਮਿਲਦੇ ਹਨ। ਵੀਹਵੀਂ ਸਦੀ ਦੌਰਾਨ 1918-19 ਵਿੱਚ ਸਪੈਨਿਸ਼ ਫਲੂ ਮਹਾਂਮਾਰੀ ਨੇ ਦੋ ਕਰੋੜ ਲੋਕਾਂ ਦੀ ਜਾਨ ਲਈ, 1957-58 ਵਿੱਚ ਏਸ਼ੀਅਨ ਫਲੂ ਅਤੇ 1968-69 ਵਿੱਚ ਹਾਂਗਕਾਂਗ ਫਲੂ ਨੇ ਮਨੁਖੀ ਨਸਲ ਦੀ ਵੱਡੀ ਤਬਾਹੀ ਕੀਤੀ। ਇੱਕੀਵੀਂ ਸਦੀ ਦੌਰਾਨ ਸਾਲ 2003 ਵਿੱਚ ਸਾਰਸ ਵਾਇਰਸ, 2013 ਤੇ 2015 ਵਿੱਚ ਇਬੋਲਾ ਵਾਇਰਸ, 2016 ਤੇ 2018 ਵਿੱਚ ਖਤਰਨਾਕ ਵਾਇਰਸਾਂ ਨੇ ਕਰੋੜਾਂ ਮਨੁੱਖਾਂ ਨੂੰ ਆਪਣਾ ਸ਼ਿਕਾਰ ਬਣਾਇਆ।

ਸੰਨ 2019 ਦੇ ਆਖਰੀ ਮਹੀਨੇ ਵਿਸ਼ਵ ਨੂੰ ਮਹਾਂਮਾਰੀ ਕੋਵਿਡ-19 ਨੇ ਆ ਘੇਰਿਆ। ਇਸ ਲਾਗ ਨੂੰ ਫੈਲਾਉਣ ਵਾਲਾ ਕਰੋਨਾ ਵਾਇਰਸ ਵਿਗਿਆਨੀਆਂ ਲਈ ਨਵਾਂ ਹੈ ਜਿਸ ਦਾ ਅਜੇ ਨਾ ਕੋਈ ਬਚਾਉ-ਟੀਕਾ ਹੈ ਅਤੇ ਨਾ ਹੀ ਕੋਈ ਦਵਾਈ ਹੈ। ਇਹ ਇੱਕ ਥਾਂ ਤੋਂ ਦੂਜੀ ਥਾਂ ਤੱਕ ਛੋਹਣ ਨਾਲ ਪਹੁੰਚਦਾ ਹੈ। ਮਨੁੱਖ ਅੰਦਰ ਇਹ ਮੂੰਹ, ਨੱਕ ਅਤੇ ਅੱਖਾਂ ਰਾਹੀਂ ਦਾਖਲ ਹੁੰਦਾ ਹੈ ਅਤੇ ਫੇਫੜਿਆਂ ਵਿੱਚ ਪਹੁੰਚ ਕੇ ਬਿਮਾਰੀ ਫੈਲਾਉਂਦਾ ਹੈ। ਇਸ ਨਾਲ ਖੰਘ, ਜ਼ੁਕਾਮ, ਬੁਖਾਰ, ਸਾਹ ਦੀ ਤਕਲੀਫ ਤੇ ਸੁੰਘਣ ਸ਼ਕਤੀ ਦਾ ਗਾਇਬ ਹੋਣਾ ਆਦਿ ਅਲਾਮਤਾਂ ਹੁੰਦੀਆਂ ਹਨ। ਜੇ ਸਰੀਰ ਦੀ ਸੁਰੱਖਿਆ ਸ਼ਕਤੀ (ਅਮਿਊਨਿਟੀ) ਕਮਜ਼ੋਰ ਹੋਵੇ ਤਾਂ ਇਹ 10-15 ਦਿਨਾਂ ਵਿੱਚ ਮਨੁੱਖ ਦੀ ਜਾਨ ਲੈ ਲੈਂਦਾ ਹੈ।

ਚੀਨ ਦੇ ਸ਼ਹਿਰ ਵੂਹਾਨ ਤੋਂ ਸ਼ੁਰੂ ਹੋਈ ਇਸ ਮਹਾਂਮਰੀ ਨੇ ਫਰਬਰੀ, 2020 ਵਿੱਚ ਸਾਰੇ ਸੰਸਾਰ ਵਿੱਚ ਪੈਰ ਪਸਾਰਨੇ ਆਰੰਭ ਕੀਤੇ। ਹੁਣ ਤੱਕ 215 ਦੇਸ਼ਾਂ ਦੇ 2 ਕਰੋੜ 60 ਲੱਖ ਦੇ ਕਰੀਬ ਵਿਅਕਤੀ ਇਸ ਮਹਾਂਮਾਰੀ ਤੋਂ ਪ੍ਰਭਾਵਿਤ ਹੋਏ ਹਨ ਅਤੇ 8 ਲੱਖ 61 ਹਜ਼ਾਰ ਤੋਂ ਵੱਧ ਜਾਨ ਗੁਆ ਬੈਠੇ ਹਨ। ਭਾਰਤ ਵਿੱਚ ਮਾਰਚ ਦੇ ਆਰੰਭ ਵਿੱਚ ਇਸ ਨੇ ਫੈਲਣਾ ਸ਼ੁਰੂ ਕੀਤਾ ਅਤੇ ਹੁਣ ਤੱਕ 37 ਲੱਖ 69 ਹਜ਼ਾਰ ਤੋਂ ਵੱਧ ਮਨੁੱਖਾਂ ਨੂੰ ਆਪਣੇ ਕਲਾਵੇ ਵਿੱਚ ਲੈ ਕੇ 67 ਹਜ਼ਾਰ ਦੇ ਕਰੀਬ ਨੂੰ ਢਾਹ ਲਿਆ ਹੈ।

ਇਸ ਮਹਾਂਮਾਰੀ ਤੋਂ ਘਬਰਾ ਨੇ ਭਾਰਤ ਸਰਕਾਰ ਨੇ ਬਿਨਾਂ ਕਿਸੇ ਅਗਾਊਂ ਚਿਤਾਵਨੀ ਅਤੇ ਤਿਆਰੀ ਦੇ 22 ਮਾਰਚ ਨੂੰ ਤਾਲਾਬੰਦੀ ਕਰ ਦਿੱਤੀ। ਇਸ ਦਾ ਭਾਵ ਕਿ ਸਕੂਲ-ਕਾਲਜ ਬੰਦ, ਆਵਾਜਾਈ ਠੱਪ, ਬੱਸਾਂ, ਰੇਲਾਂ ਤੇ ਹਵਾਈ ਜਹਾਜ਼ ਬੰਦ, ਬਾਜ਼ਾਰ-ਦੁਕਾਨਾਂ ਬੰਦ, ਛੋਟੇ-ਵੱਡੇ ਸਾਰੇ ਕਾਰੋਬਾਰ ਬੰਦ, ਧਾਰਮਿਕ ਤੇ ਸਮਾਜਿਕ ਇਕੱਠ ਬੰਦ, ਦਫਤਰਾਂ ਵਿੱਚ ਕੰਮ ਬੰਦ ਅਤੇ ਘਰੋਂ ਬਾਹਰ ਨਿਕਲਣ 'ਤੇ ਪੂਰਨ ਪਾਬੰਦੀ। ਇਸ ਦਾ ਅਸਲ ਉਦੇਸ਼ ਸੀ ਕਿ ਲੋਕਾਂ ਦੇ ਆਪਸੀ ਸਰੀਰਕ ਸੰਪਰਕ ਨਾਲ ਲਾਗ ਅੱਗੇ ਨਾ ਵਧੇ। ਇਸ ਨਾਲ ਸੁੱਤੇਸਿੱਧ ਉਹ ਵਰਤਾਰੇ ਵਰਤੇ ਜਿਨ੍ਹਾਂ ਦੀ ਮਨੁੱਖ ਨੂੰ ਅਤਿਅੰਤ ਲੋੜ ਸੀ ਅਤੇ ਅਨੇਕ ਕੋਸ਼ਿਸ਼ਾਂ ਦੇ ਬਾਵਜੂਦ ਇਹ ਸੰਭਵ ਨਹੀਂ ਸੀ ਹੋ ਰਹੇ। ਸਾਰੇ ਪਾਸੇ ਸ਼ਾਂਤੀ ਹੋ ਗਈ। ਲੋਕਾਂ ਦੀਆਂ ਭੀੜਾਂ ਤੇ ਵਹੀਕਲਾਂ ਦੇ ਰੌਲੇ, ਸੜਕਾਂ ਦੀ ਧੂੜ, ਕਾਰਖਾਨਿਆਂ ਦੇ ਧੂੰਏਂ ਤੇ ਗੰਦੇ ਪਾਣੀ ਦੇ ਘਟਣ ਨਾਲ ਸਾਰਾ ਵਾਤਾਵਰਨ ਨਿਖਰਨ ਲੱਗਾ। ਮਨੁਖਾਂ ਦੇ ਘਰਾਂ ਵਿੱਚ ਕੈਦ ਹੋਣ ਨਾਲ ਪੰਛੀ ਆਜ਼ਾਦੀ ਨਾਲ ਉੜਨ ਲੱਗੇ। ਦਿੱਲੀ ਵਰਗੇ ਪ੍ਰਦੂਸ਼ਿਤ ਸ਼ਹਿਰ ਵਿੱਚ ਵੀ

ਲੋਕਾਂ ਨੂੰ ਰਾਤ ਸਮੇਂ ਤਾਰਿਆਂ ਦੇ ਦਰਸ਼ਨ ਹੋਣ ਲੱਗੇ ਅਤੇ ਸੜਕਾਂ 'ਤੇ ਐਕਸੀਡੈਂਟਾਂ ਨਾਲ ਮੌਤਾਂ ਘਟ ਗਈਆਂ। ਸਕੂਲਾਂ ਦੀ ਪੜ੍ਹਾਈ ਆਨਲਾਈਨ ਹੋਣ ਨਾਲ ਅਧਿਆਪਕ ਤੇ ਵਿਦਿਆਰਥੀ ਨਵੀਂ ਤਕਨਾਲੋਜੀ ਸਿੱਖਣ ਲਈ ਮਜ਼ਬੂਰ ਹੋਏ। ਲੋਕਾਂ ਨੂੰ ਪੈਸੇ ਦਾ ਲੈਣਦੇਣ ਆਨਲਾਈਨ ਕਰਨ ਦੀ ਆਦਤ ਪੈਣ ਲੱਗੀ। ਤਾਲਾਬੰਦੀ ਦੇ ਇਹ ਨਤੀਜੇ ਸਵਾਗਤਯੋਗ ਹਨ।

ਇਸ ਤਾਲਾਬੰਦੀ ਨੇ ਅਜਿਹੀਆਂ ਗੰਭੀਰ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ ਜਿਨ੍ਹਾਂ ਨੇ ਸਾਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਇਸ ਨੇ ਦੇਸ਼ ਦੀਆਂ ਕੁੱਝ ਪਰਦੇ ਹੇਠ ਢੱਕੀਆਂ ਕਮਜ਼ੋਰੀਆਂ ਨੂੰ ਨੰਗਾ ਕਰ ਦਿੱਤਾ। ਇਸ ਦੇ ਨਵੇਂ ਵਿਕਾਸ ਮਾਡਲ ਦੇ ਪਾਜ ਖੁੱਲ੍ਹ ਗਏ। ਕਾਰੋਬਾਰ ਬੰਦ ਹੋਣ ਨਾਲ ਦੇਸ਼ ਵਿੱਚ 12 ਕਰੋੜ ਲੋਕਾਂ ਦੀਆਂ ਨੌਕਰੀਆਂ ਖੁੱਸ ਗਈਆਂ। ਇੱਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ 4 ਕਰੋੜ ਤੋਂ 10 ਕਰੋੜ ਵਿਚਕਾਰ ਪਰਵਾਸੀ ਮਜ਼ਦੂਰ ਹਨ ਜੋ ਰੋਜ਼ੀ ਕਮਾਉਣ ਲਈ ਆਪਣੇ ਘਰਾਂ ਤੋਂ ਦੂਰ-ਦੁਰਾਡੀਆਂ ਥਾਵਾਂ 'ਤੇ ਜਾ ਕੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਬਹੁਗਿਣਤੀ ਗੈਰਸੰਗਠਿਤ ਸੈਕਟਰ ਵਿੱਚ ਨੌਕਰੀਆਂ ਕਰਦੇ ਹਨ ਅਤੇ ਬਹੁਤੇ ਦਿਹਾੜੀ ਕਰਦੇ ਹਨ। ਇਹ ਮਿਹਨਤ-ਮਜ਼ਦੂਰੀ ਕਰ ਕੇ ਆਪਣੇ ਪਰਿਵਾਰ ਦਾ ਪੇਟ ਭਰਦੇ ਹਨ ਅਤੇ ਦੇਸ਼ ਦਾ ਨਿਰਮਾਣ ਕਰਦੇ ਹਨ। ਇਨ੍ਹਾਂ ਦੀ ਕੋਈ ਸਮਾਜਿਕ ਸੁਰੱਖਿਆ ਨਹੀਂ। ਇਹ ਸਾਰੀ ਉਮਰ ਪਸੀਨਾ ਵਹਾਉਣ ਦੇ ਬਾਵਜੂਦ ਆਪਣੇ ਲਈ ਮਕਾਨ, ਰੋਟੀ ਤੇ ਕਪੜੇ ਦਾ ਵੀ ਪੱਕਾ ਪ੍ਰਬੰਧ ਕਰਨ ਦੇ ਯੋਗ ਨਹੀਂ। ਰੁਜ਼ਗਾਰ ਤੋਂ ਬਗੈਰ ਕੁੱਝ ਦਿਨਾਂ ਤੱਕ ਤਾਂ ਇਨ੍ਹਾਂ ਨੇ ਜਿਵੇਂ ਕਿਵੇਂ ਗੁਜ਼ਾਰਾ ਕੀਤਾ ਪਰ ਜਦੋਂ ਮਕਾਨ ਦਾ ਕਿਰਾਇਆ ਨਾ ਦੇ ਸਕਣ ਕਾਰਨ ਘਰੋਂ ਕੱਢ ਦਿੱਤੇ ਗਏ ਅਤੇ ਭੁੱਖੇ ਮਰਨ ਲੱਗੇ ਤਾਂ ਹਜ਼ਾਰਾਂ ਮੀਲ ਦੂਰ ਆਪਣੇ ਪਿੰਡਾਂ ਨੂੰ ਚੱਲ ਪਏ। ਕੁੱਝ ਪੈਦਲ ਅਤੇ ਕੁੱਝ ਸਾਈਕਲਾਂ 'ਤੇ। ਇਨ੍ਹਾਂ ਵਿੱਚ ਬਜ਼ੁਰਗ, ਬੱਚੇ ਤੇ ਗਰਭਵਤੀ ਔਰਤਾਂ ਵੀ ਸ਼ਾਮਲ ਸਨ। ਸੈਕੜੇ ਥੱਕ-ਟੁੱਟ ਕੇ ਜਾਨ ਤੋਂ ਹੱਥ ਧੋ ਬੈਠੇ, ਰੇਲਵੇ ਲਾਈਨਾਂ 'ਤੇ ਸੌਂ ਗਏ ਤੇ ਹਾਦਸਿਆਂ ਦੇ ਸ਼ਿਕਾਰ ਹੋਏ। ਉਨ੍ਹਾਂ ਨੂੰ ਰਾਹਾਂ ਵਿੱਚ ਰੋਕ ਕੇ ਅਣਮਨੁੱਖੀ ਹਾਲਾਤਾਂ ਵਾਲੇ ਇਕਾਂਤਵਾਸ ਕੇਂਦਰਾਂ ਵਿੱਚ ਰੱਖਿਆ ਗਿਆ, ਉਨ੍ਹਾਂ 'ਤੇ ਜਾਨਲੇਵਾ ਰਸਾਇਣਾ ਦਾ ਛਿੜਕਾ ਕੀਤਾ ਗਿਆ। ਜਦੋਂ ਰੌਲਾ ਵਧ ਗਿਆ ਤਾਂ ਕੁੱਝ ਰੇਲਗੱਡੀਆਂ ਚਲਾਈਆਂ ਗਈਆਂ ਜਿਨ੍ਹਾਂ ਵਿੱਚ ਮਜ਼ਦੂਰਾਂ ਨੂੰ ਤੂੜੀ ਵਾਂਗ ਭਰ ਕੇ ਕਈ ਕਈ ਦਿਨਾਂ ਦੀ ਦੇਰੀ ਨਾਲ ਘਰੀਂ ਪਹੁੰਚਾਇਆ ਗਿਆ। ਇੱਕ ਵਿਕਾਸਮੁਖੀ ਦੇਸ਼ ਲਈ ਇਹ ਸਭ ਅਤਿ ਨਮੋਸ਼ੀ ਵਾਲੀਆਂ ਘਟਨਾਵਾਂ ਸਨ।

ਤਾਲਾਬੰਦੀ ਨੇ ਦੇਸ਼ ਦੇ ਆਰਥਿਕ ਤੇ ਸਮਾਜਿਕ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਰਾਸ਼ਟਰੀ ਸਰਵੇਖਣ ਅਨੁਸਾਰ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 2017-18 ਦੀ ਸਭ ਤੋਂ ਉੱਚੀ 6% ਤੋਂ ਵਧ ਕੇ 7% ਹੋ ਗਈ ਹੈ। ਕੌਮਾਂਤਰੀ ਕਿਰਤ ਸੰਗਠਨ ਵਲੋਂ ਜਾਰੀ ਅੰਕੜਿਆਂ ਅਨੁਸਾਰ ਅਪ੍ਰੈਲ ਮਹੀਨੇ ਵਿੱਚ ਭਾਰਤ ਦੇ ਗੈਰਸਰਕਾਰੀ ਖੇਤਰ ਵਿੱਚ ਕੰਮ ਕਰ ਰਹੇ 90% ਲੋਕਾਂ 'ਤੇ ਇਸ ਗੈਰਯੋਜਨਾਬੱਧ ਤਾਲਾਬੰਦੀ ਦਾ ਪ੍ਰਭਾਵ ਪਿਆ ਹੈ। ਇਸ ਨਾਲ ਕਿਰਤੀਆਂ ਦੀ ਆਮਦਨ ਵਿੱਚ ਕਮੀ ਕਾਰਨ ਖਪਤ ਵਿੱਚ ਭਾਰੀ ਗਿਰਾਵਟ ਆਈ ਹੈ। ਆਮ ਲੋਕ ਕੇਵਲ ਖਾਣ ਵਾਲੀਆਂ ਜ਼ਰੂਰੀ ਚੀਜ਼ਾਂ ਹੀ ਖਰੀਦ ਰਹੇ ਹਨ ਜਿਸ ਨਾਲ ਮੰਗ ਘਟਣ ਕਾਰਨ ਤਾਲਾਬੰਦੀ ਵਿੱਚ ਨਰਮੀ ਵਰਤਣ ਦੇ ਬਾਵਜੂਦ ਕਾਰੋਬਾਰ ਪੂਰੀ ਸਮਰੱਥਾ 'ਤੇ ਕਾਰਜਸ਼ੀਲ ਨਹੀ ਹੋ ਰਿਹਾ।

ਐਨਾ ਆਰਥਿਕ ਤੇ ਸਮਾਜਿਕ ਨੁਕਸਾਨ ਝੱਲਣ ਦੇ ਬਾਵਜੂਦ ਕੋਵਿਡ-19 ਅਜੇ ਰੁਕਣ ਦਾ ਨਾ ਨਹੀਂ ਲੈ ਰਿਹਾ। ਇਸ ਤੋਂ ਪ੍ਰਭਾਵਿਤ ਤੇ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਇਸ ਤੋਂ ਜਾਪਦਾ ਹੈ ਕਿ ਸਾਡੇ ਦੇਸ਼ ਦੇ ਹਾਲਾਤਾਂ ਦੇ ਮੱਦੇਨਜ਼ਰ ਤਾਲਾਬੰਦੀ ਇਸ ਮਹਾਂਮਾਰੀ ਨਾਲ ਲੜਨ ਦਾ ਕਾਰਗਰ ਸੰਦ ਨਹੀਂ ਹੈ। ਲੋੜ ਹੈ ਲੋਕਾਂ ਨੂੰ ਸਿਖਿਅਤ ਕਰ ਕੇ ਜ਼ਿੰਮੇਵਾਰ ਬਣਾਉਣ ਦੀ ਅਤੇ ਸਿਹਤ ਸਹੂਲਤਾਂ ਵਧਾਉਣ ਦੀ।

ਇਸ ਬਿਮਾਰੀ ਨੇ ਸਾਡੇ ਦੇਸ਼ ਦੀਆਂ ਆਰਥਿਕ ਅਸਮਾਨਤਾਵਾਂ, ਦਰਜਾਬੰਦੀਆਂ, ਪ੍ਰਸ਼ਾਸਨਕ ਕਮਜ਼ੋਰੀਆਂ ਤੇ ਸਿਆਸੀ ਬੇਹੂਦਗੀਆਂ ਨੂੰ ਬੇਪਰਦ ਕਰ ਦਿੱਤਾ ਹੈ। ਦੇਸ਼ ਦੀ ਨੁਕਸਦਾਰ ਸਿੱਖਿਆ ਪ੍ਰਣਾਲੀ ਆਪਣੇ ਨਾਗਰਿਕਾਂ ਵਿੱਚ ਮਾਨਵਤਾਵਾਦੀ ਕਦਰਾਂ ਕੀਮਤਾਂ ਪੈਦਾ ਕਰਨ ਵਿੱਚ ਕਾਮਯਾਬ ਨਹੀਂ ਹੋਈ। ਇਸ ਨੇ ਲੋਕਾਂ ਨੂੰ ਆਪਣੇ ਗਵਾਂਢੀਆਂ ਤੇ ਕਾਮਿਆਂ ਪ੍ਰਤਿ ਚੇਤੰਨਸ਼ੀਲ ਤੇ ਸੰਵੇਦਨਸ਼ੀਲ ਹੋਣ ਦੀ ਜਾਚ ਨਹੀਂ ਸਿਖਾਈ। ਜੇ ਅਜਿਹਾ ਹੁੰਦਾ ਤਾਂ ਕਿਰਤੀਆਂ ਨੂੰ ਬੇਗਾਨਗੀ ਦਾ ਅਹਿਸਾਸ ਨਾ ਹੁੰਦਾ ਅਤੇ ਉਹ ਆਪਣੇ ਸਾਲਾਂ ਤੋਂ ਬਣੇ ਟਿਕਾਣਿਆਂ 'ਤੇ ਟਿਕੇ ਰਹਿੰਦੇ। ਇਸ ਦੌਰਾਨ ਜਾਤੀ ਤੇ ਜਮਾਤੀ ਵਿਤਕਰਿਆਂ ਨੇ ਆਪਣਾ ਦੁਰਪ੍ਰਭਾਵ ਸਾਹਮਣੇ ਲੈ ਆਂਦਾ। ਦੇਸ਼ ਦੀਆਂ ਘੱਟਗਿਣਤੀਆਂ 'ਤੇ ਕਰੋਨਾ ਵਾਇਰਸ ਫੈਲਾਉਣ ਦੇ ਦੋਸ਼ ਲੱਗੇ। ਇਸ ਦੇ ਨਾਲ ਹੀ ਲੋਕਾਂ ਨੂੰ ਇਸ ਮਹਾਂਮਾਰੀ ਤੋਂ ਬਚਣ ਲਈ ਕੁੱਝ ਬੰਦਸ਼ਾਂ 'ਤੇ ਅਮਲ ਕਰਵਾਉਣ ਲਈ ਪੁਲਿਸ ਨੂੰ ਜ਼ੋਰ-ਜ਼ਬਰਦਸਤੀ ਨਾ ਕਰਨੀ ਪੈਂਦੀ। ਲੋਕਾਂ ਦੇ ਜ਼ਿੰਮੇਵਾਰਾਨਾ ਸਹਿਯੋਗ ਨਾਲ ਤਾਂ ਬਿਨਾਂ ਤਾਲਾਬੰਦੀ ਕੀਤਿਆਂ ਸਿੱਖਿਆ ਸੰਸਥਾਵਾਂ ਨੂੰ ਵੀ ਚਾਲੂ ਰੱਖਿਆ ਜਾ ਸਕਦਾ ਸੀ।

ਕਰੋਨਾ ਨੇ ਦੇਸ਼ ਦੇ ਸਿਹਤ ਵਿਭਾਗ ਦੀਆਂ ਘਾਟਾਂ ਨੂੰ ਵੀ ਉਜਾਗਰ ਕਰ ਦਿੱਤਾ ਹੈ। ਪਹਿਲਾਂ ਪਹਿਲ ਡਾਕਟਰਾਂ ਤੇ ਹੋਰ ਅਮਲੇ ਨੂੰ ਬਿਨਾਂ ਸੁਰੱਖਿਆ ਸੂਟ ਪਹਿਨੇ ਘੰਟਿਆਂਬੱਧੀ ਮਰੀਜ਼ਾਂ ਨੂੰ ਸੰਭਾਲਣਾ ਪਿਆ। ਸਰਕਾਰੀ ਹਸਪਤਾਲਾਂ ਵਿੱਚ ਵੈਂਟੀਲੇਟਰਾਂ ਤੇ ਹੋਰ ਸਾਮਾਨ ਦੀ ਘਾਟ ਨੇ ਮੁਸ਼ਕਲਾਂ ਪੈਦਾ ਕੀਤੀਆਂ। ਕਾਰਪੋਰੇਟ ਘਰਾਣਿਆਂ ਵਲੋਂ ਚਲਾਏ ਜਾ ਰਹੇ ਪ੍ਰਾਈਵੇਟ ਹਸਪਤਾਲਾਂ ਦੇ ਪ੍ਰਬੰਧਕਾਂ ਨੇ ਮਰੀਜ਼ਾਂ ਪ੍ਰਤਿ ਉਦਾਸੀਨਤਾ ਦਿਖਾਈ ਅਤੇ ਮੁਨਾਫਾ ਕਮਾਉਣ ਦੀ ਲਾਲਸਾ ਬਣਾਈ ਰੱਖੀ। ਇਸ ਨਾਲ ਕਾਰਪੋਰੇਟ ਵਿਕਾਸ ਮਾਡਲ ਦਾ

ਅਸਲ ਚਿਹਰਾ ਸਾਹਮਣੇ ਆ ਗਿਆ।

ਇਸ ਲਾਗ ਦਾ ਮੁੱਖ ਕਾਰਨ ਮਨੁੱਖ ਦਾ ਜੀਵ-ਜੰਤੂਆਂ ਦੇ ਰਹਿਣ ਵਾਲੀਆਂ ਥਾਵਾਂ ਵਿੱਚ ਘੁਸਪੈਠ ਕਰਨਾ ਹੈ। ਇਸ ਦੇ ਸਿੱਟੇ ਵਜੋਂ ਇਹ ਲਾਗ ਜਾਨਵਰਾਂ ਤੇ ਪੰਛੀਆਂ ਤੋਂ ਇਨਸਾਨਾਂ ਵਿੱਚ ਆਈ। ਇਸ ਮਾਰੂ ਅਮਲ ਨੂੰ ਨੁਕਸਦਾਰ ਅਰਥਚਾਰੇ ਨੇ ਹੋਰ ਹੁਲਾਰਾ ਦਿੱਤਾ। ਜੇ ਮਨੁੱਖ ਵਾਤਾਵਰਨ ਨੂੰ ਵਿਗਾੜਨ ਤੋਂ ਬਾਜ ਨਾ ਆਇਆ ਤਾਂ ਕਰੋਨਾ ਤੋਂ ਵੀ ਖਤਰਨਾਕ ਵਾਇਰਸ ਪੈਦਾ ਹੋਣ ਦਾ ਖਦਸ਼ਾ ਬਣਿਅ ਰਹੇਗਾ।

ਹੁਣ ਤੱਕ ਦੀ ਸਥਿਤੀ ਤੋਂ ਸਪਸ਼ਟ ਹੋਣ ਲੱਗਾ ਹੈ ਕਿ ਕਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਦਰ 1.71% ਹੈ ਜੋ ਹੋਰ ਕਈ ਬਿਮਾਰੀਆਂ ਨਾਲ ਮਰਨ ਵਾਲਿਆਂ ਤੋਂ ਬਹੁਤ ਘੱਟ ਹੈ। ਇਸ ਲਈ ਕਰੋਨਾ ਤੋਂ ਡਰਨ ਦੀ ਬਜਾਏ ਇਸ ਤੋਂ ਬਚਾਉ ਲਈ ਸਾਡਾ ਫਰਜ਼ ਹੈ ਕਿ ਅਸੀਂ ਮਾਹਰ ਡਾਕਟਰਾਂ ਦੀ ਸਲਾਹ ਅਨੁਸਾਰ- ਮਾਸਕ ਪਹਿਨਣ, ਹੱਥਾਂ ਦੀ ਸਫਾਈ ਰੱਖਣ, ਸਰੀਰਕ ਦੂਰੀ ਬਣਾਈ ਰੱਖਣ ਅਤੇ ਆਪਣੇ ਸਰੀਰ ਦੀ ਰੋਗ-ਸੁਰੱਖਿਆ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਸੰਤੁਲਿਤ ਖੁਰਾਕ ਲੈਣ ਦਾ ਧਿਆਨ ਰੱਖੀਏ।

ਸਾਰੇ ਵਿਸ਼ਵ ਦੇ ਮੈਡੀਕਲ ਵਿਗਿਆਨੀ ਕੋਵਿਡ-19 ਤੋਂ ਬਚਾਅ ਦਾ ਟੀਕਾ ਲੱਭਣ ਅਤੇ ਇਸ ਦੇ ਇਲਾਜ ਲਈ ਦਵਾਈਆਂ ਬਣਾਉਣ ਲਈ ਯਤਨਸ਼ੀਲ ਹਨ। ਪੂਰੀ ਉਮੀਦ ਹੈ ਕਿ ਇਸ ਸਾਲ ਦੇ ਅੰਤ ਤੱਕ ਉਨ੍ਹਾਂ ਨੂੰ ਸਫਲਤਾ ਮਿਲ ਜਾਏਗੀ। ਰੂਸ ਨੇ ਤਾਂ ਇਹ ਕਾਮਯਾਬੀ ਹਾਸਲ ਕਰਨ ਦਾ ਦਾਵਾ ਵੀ ਕਰ ਲਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖ ਇਸ ਮਹਾਂਮਾਰੀ 'ਤੇ ਜਿੱਤ ਹਾਸਲ ਕਰ ਕੇ ਨਵਾਂ ਇਤਿਹਾਸ ਸਿਰਜੇਗਾ।

❊ ❊ ❊ ❊ ❊

ਕਵਿਤਾ

ਮਨਜੀਤ ਸੈਣੀ

ਅੱਜ ਸ਼ਹਿਰ ਮੇਰਾ ਵੀਰਾਨ ਦਿਸੇ,
ਮੂੰਹ ਤੇ ਬੰਨ੍ਹ ਮਾਸਕ ਸਭ ਸ਼ੈਤਾਨ ਦਿਸੇ।
ਪੰਛੀ ਵੀ ਇਹ ਵੇਖ ਹੈਰਾਨ ਦਿਸੇ,
ਸਭ ਪਾਸੇ ਚੁੱਪ ਕਿਉਂ ਛਾਈ ਏ,
ਕਰੋਨਾ ਕਿੱਥੋਂ ਆਈ ਏ।
ਕੈਸੀ ਇਹ ਬੀਮਾਰੀ ਏ,
ਜਿਸ ਨੇ ਸਭ ਦੀ ਮਤ ਮਾਰੀ ਏ,
ਆਪਣਾ ਆਪਣੇ ਤੋਂ ਡਰਦਾ ਏ,
ਬਿਨ ਇੱਕ ਦੂਜੇ ਦੇ ਵੀ ਸਰਦਾ ਏ।
'ਮੰਗਲ' ਵੀ ਫੇਰੇ ਪਾ ਲਏ ਨੇ,
ਪਰ ਇਸ ਅੱਗੇ ਗੋਡੇ ਢਾਹ ਲਏ ਨੇ।
ਕਿਉਂ ਖੂਨ ਦਾ ਰੰਗ ਸਫੈਦ ਹੋਇਆ,
ਬੰਦਾ ਆਪਣੇ ਤੋਂ ਦੂਰ ਹੋਇਆ।

ਗੀਤ

ਬਲਬੀਰ ਸਿੰਘ ਸੈਣੀ,
ਨੰਗਲ

ਖਬਰੇ ਕੀ ਕਹਿ ਹੋ ਗਿਆ ਮੈਥੋਂ,
ਜੋ ਉਹ ਤੁਰ ਗਏ ਭਰੇ ਭਰਾਏ।
ਬੁਝਿਆ ਬੁਝਿਆ ਮਨ ਓਦੋਂ ਦਾ,
ਨੈਣੀ ਹੰਝੂ ਭਰ ਭਰ ਆਏ।

ਜਦ ਕਿਧਰੇ ਉਹ ਮਿਲਦੈ ਮੈਨੂੰ,
ਅੰਤਾਂ ਦਾ ਹੈ ਪਿਆਰਾ ਲਗਦਾ।
ਉਸ ਦੇ ਚਿਹਰੇ ਵਿੱਚੋਂ ਹਰਦਮ,
ਇਕ ਮਹਿਰਮ ਦਾ ਚਿਹਰਾ ਦਿਸਦਾ।
ਅੰਦਰ ਬਾਹਰ ਚਾਨਣ ਹੁੰਦਾ,
ਜਦ ਉਹ ਬੋਲੇ ਤੇ ਮੁਸਕਾਵੇ,
ਖਬਰੇ ਕੀ ਕਹਿ.....।

ਜਿਸ ਦਿਨ ਦਾ ਵੇਖਿਆ ਹੈ ਉਸ ਨੂੰ,
ਮਨ ਓਧਰ ਹੀ ਜੁੜਿਆ ਰਹਿੰਦਾ।
ਇਕ ਝਲਕ ਉਸ ਦੀ ਪਾਵਣ ਨੂੰ,
ਇਹ ਮਨ ਹਰ ਪਲ ਥੁੜਿਆ ਰਹਿੰਦਾ।
ਖਬਰੇ ਉਸ ਵਿੱਚ ਕਿਹੜੀ ਗੱਲ ਹੈ,
ਜੋ ਉਹ ਦਿਲ ਨੂੰ ਇੰਨਾ ਭਾਵੇ।
ਖਬਰੇ ਕੀ ਕਹਿ.....।

ਹਰ ਪਲ ਮੈਂ ਸਮਝਾਨਾਂ ਦਿਲ ਨੂੰ,
ਹਰ ਇਕ ਨੂੰ ਅਪਣਾ ਨਹੀਂ ਕਹਿਣਾ।
ਇਹ ਦੁਨੀਆਂ, ਉਹ ਪੰਛੀ ਜਿਸ ਨੇ,
ਅੱਜ ਇੱਥੇ, ਕੱਲ੍ਹ ਉੱਥੇ ਬਹਿਣਾ।
ਪਰ 'ਸੈਣੀ' ਦਿਲ ਭੋਲ਼ਾ ਇੰਨਾਂ,
ਝਟ ਇਹ ਗੱਲਾਂ ਵਿਚ ਆ ਜਾਏ।
ਖਬਰੇ ਕੀ ਕਹਿ.....।

❊ ❊ ❊ ❊ ❊

ਮੈਗਜ਼ੀਨ ਦੇ ਜਿਹੜੇ ਪਾਠਕਾਂ ਦਾ ਚੰਦਾ ਮੁੱਕ ਗਿਆ ਹੈ। ਉਹ ਸੈਣੀ ਭਵਨ ਦੇ ਬੈਂਕ ਅਕਾਊਂਟ ਨੰ. 833562779 IFSC Code IDIB000R027 (ਇੰਡੀਅਨ ਬੈਂਕ) ਵਿੱਚ 100 ਰੁਪਏ ਜਾਂ ਵੱਧ ਰਾਸ਼ੀ ਜਮਾਂ ਕਰਵਾਉਣ ਦੀ ਖੇਚਲ ਕਰੋ ਜੀ।

ਜੂਨ – ਅਗਸਤ 2020 ਦੌਰਾਨ

ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ

ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 37ਵੇਂ ਅੰਕ ਦਾ ਲੋਕਅਰਪਣ

ਕੋਵਿੰਡ-19 ਦੀਆਂ ਪਾਬੰਦੀਆਂ ਕਾਰਨ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਪ੍ਰਕਾਸ਼ਤ ਕੀਤਾ ਜਾਂਦਾ ਸਮਾਜਿਕ ਚੇਤਨਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 37ਵਾਂ ਅੰਕ ਜੋ ਕਿ ਅਪ੍ਰੈਲ 2020 ਦੇ ਪਹਿਲੇ ਹਫਤੇ ਜਾਰੀ ਕੀਤਾ ਜਾਣਾ ਸੀ ਉਸ ਨੂੰ 03 ਜੂਨ, 2020 ਨੂੰ ਸੈਣੀ ਭਵਨ ਵਿਖੇ ਲੋਕਅਰਪਣ ਕੀਤਾ ਗਿਆ। ਕਰੋਨਾਵਾਇਰਸ ਦੇ ਮੱਦੇਨਜ਼ਰ ਲਾਕਡਾਉਟ ਦੇ ਨਿਰਦੇਸ਼ਾਂ ਨੂੰ ਧਿਆਨ 'ਚ ਰੱਖਦੇ ਹੋਏ ਇਹ ਮੈਗਜ਼ੀਨ ਟਰੱਸਟ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਹੀ ਲੋਕਅਰਪਣ ਕਰਨ ਦੀ ਰਸਮ ਮੁੱਖ ਮਹਿਮਾਨ ਸ. ਹਰਨੇਕ ਸਿੰਘ ਭੂਰਾ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਚਮਕੌਰ ਸਾਹਿਬ ਨੇ ਅਦਾ ਕੀਤੀ। ਸ. ਹਰਨੇਕ ਸਿੰਘ ਭੂਰਾ ਨੇ ਟਰੱਸਟ ਦੇ ਪ੍ਰਬੰਧਕਾਂ ਨੂੰ ਸਮਾਜ ਭਲਾਈ ਦੇ ਕਾਰਜ ਕਰਨ ਲਈ ਵਧਾਈ ਦਿੱਤੀ ਅਤੇ ਸੰਸਥਾ ਨੂੰ ਉਤਸਾਹਿਤ ਕਰਨ ਲਈ ਹਰ ਤਰਾਂ ਦਾ ਸਹਿਯੋਗ ਕਰਨ ਦਾ ਭਰੋਸਾ ਦਿੱਤਾ ਅਤੇ ਸੰਸਥਾ ਨੂੰ 5100/- ਰੁਪਏ ਦੀ ਮਾਲੀ ਮਦਦ ਵੀ ਦਿੱਤੀ। ਇਸ ਮੌਕੇ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਇਸ ਸੰਸਥਾ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਸੰਸਥਾ ਦੇ ਟਰੱਸਟੀਆਂ ਬਲਬੀਰ ਸਿੰਘ, ਦੇਵਿੰਦਰ ਸਿੰਘ ਜਟਾਣਾ, ਗੁਰਮੱਖ ਸਿੰਘ ਲੌਂਗੀਆ, ਰਾਜਿੰਦਰ ਸੈਣੀ ਨੇ ਵੀ ਆਪਣੇ ਵਿਚਾਰ ਰੱਖੇ। ਇਸ ਸਮੇਂ ਟਰੱਸਟੀ ਗੁਰਮੁੱਖ ਸਿੰਘ ਸੈਣੀ ਸਾਬਕਾ ਐਮ ਸੀ, ਡਾ. ਜਸੰਵਤ ਕੌਰ ਸੈਣੀ, ਰਾਜੀਵ ਸੈਣੀ, ਹਰਜੀਤ ਸਿੰਘ ਸੈਣੀ, ਰਾਮ ਸਿੰਘ ਸੈਣੀ, ਅਮਰਜੀਤ ਸਿੰਘ, ਬਹਾਦਰਜੀਤ ਸਿੰਘ, ਕੈਪਟਨ ਹਾਕਮ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਸੁਰਿੰਦਰ ਸਿੰਘ, ਦਲਜੀਤ ਸਿੰਘ, ਅਮਨਦੀਪ ਸਿੰਘ ਚੰਡੀਗੜ੍ਹ ਤੇ ਹਰਦੀਪ ਸਿੰਘ ਵੀ ਹਾਜ਼ਰ ਸਨ।

ਵਿਛੁੜੀਆਂ ਸਖਸ਼ੀਅਤਾਂ ਨੂੰ ਸ਼ਰਧਾਂਜਲੀ

ਸੈਣੀ ਭਵਨ ਦੇ ਪ੍ਰਬੰਧਕਾਂ ਨੇ ਮੀਟਿੰਗ ਕਰ ਕੇ ਇਸ ਸਮੇਂ ਦੌਰਾਨ ਅਕਾਲ ਚਲਾਣਾ ਕਰ ਗਈਆਂ ਸਖਸ਼ੀਅਤਾਂ -ਮਹਾਂਦਾਨੀ ਲੈਫ.ਕਰਨਲ ਜੀ ਆਰ.ਸੈਣੀ ਹੁਸ਼ਿਆਰਪੁਰ, ਸ. ਬਲਬੀਰ ਸਿੰਘ ਪਾਬਲਾ, ਸ਼੍ਰੀਮਤੀ ਪ੍ਰੇਮ ਕੌਰ ਪਤਨੀ ਸ਼੍ਰੀ ਸਾਧੂ ਰਾਮ, ਸ਼੍ਰੀਮਤੀ ਧਰਮਜੀਤ ਕੌਰ ਪਤਨੀ ਸ. ਪ੍ਰਦੁੱਮਣ ਸਿੰਘ ਅਤੇ ਚੀਨ ਦੀ ਸਰਹੱਦ 'ਤੇ ਸ਼ਹੀਦ ਹੋਏ ਫੌਜੀ ਜਵਾਨਾਂ ਨੂੰ ਦੋ ਮਿੰਟ ਮੌਨ ਰਹਿ ਕੇ ਸ਼ਰਧਾਂਜਲੀ ਭੇਂਟ ਕੀਤੀ।

ਸਵ. ਸ਼੍ਰੀ ਐਲ. ਆਰ. ਮੁੰਦਰਾ ਦੀ ਤੀਜੀ ਬਰਸੀ ਮਨਾਈ

ਸੈਣੀ ਭਵਨ ਦੇ ਸਾਬਕਾ ਚੇਅਰਮੈਨ ਅਤੇ ਬਜ਼ੁਰਗਾਂ ਦੇ ''ਆਪਣਾ ਘਰ'' ਹਵੇਲੀ ਕਲਾਂ ਦੇ ਬਾਨੀ ਉੱਘੇ ਸਮਾਜ ਸੇਵਕ ਤੇ ਮਹਾਂਦਾਨੀ ਸਵਰਗੀ ਸ਼੍ਰੀ ਐਲ. ਆਰ. ਮੁੰਦਰਾ ਦੀ ਤੀਜੀ ਬਰਸੀ ਲਾਕਡਾਉਨ ਦੇ ਚਲਦਿਆਂ ਦੋਵੇ ਸੰਸਥਾਵਾਂ ਦੇ ਟਰੱਸਟੀਆਂ ਵਲੋਂ ਸੀਮਤ ਹਾਜ਼ਰੀ 'ਚ ''ਆਪਣਾ ਘਰ'' 'ਚ 5 ਜੂਨ, 2020 ਨੂੰ ਮਨਾਈ ਗਈ। ਇਸ ਮੌਕੇ ਸੈਣੀ ਭਵਨ ਅਤੇ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਦੇ ਟਰਸਟੀਆਂ ਅਤੇ ਹਾਜ਼ਰ ਪਤਵੰਤੇ ਵਿਅਕਤੀਆਂ ਨੇ ਸ਼੍ਰੀ ਮੁੰਦਰਾ ਦੀ ਤਸਵੀਰ ਤੇ ਫੁੱਲ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾਜਲੀ ਭੇਟ ਕੀਤੀ। ਇਸ ਮੌਕੇ 'ਤੇ ਬੋਲਦਿਆਂ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ, ਕਾਨੂੰਨੀ ਸਲਾਹਕਾਰ ਰਾਵਿੰਦਰ ਸਿੰਘ ਮੁੰਦਰਾ, ਸਾਬਕਾ ਐਮ ਸੀ ਗੁਰਮੁੱਖ ਸਿੰਘ ਸੈਣੀ ਅਤੇ ਪ੍ਰਬੰਧਕੀ ਸਕੱਤਰ ਵਿਨੋਦ ਜੈਨ ਨੇ ਕਿਹਾ ਕਿ ਸ਼੍ਰੀ ਮੁੰਦਰਾ ਸਮਾਜ ਸੇਵਾ ਲਈ ਪ੍ਰੇਰਤ ਕਰਨ ਵਾਲੀ ਸਖ਼ਸੀਅਤ ਸਨ। ਜਿਨ੍ਹਾਂ ਨੇ ਸਾਨੂੰ ਬਜ਼ੁਰਗਾਂ ਦਾ ਸਤਿਕਾਰ ਕਰਨ, ਲੋੜਵੰਦਾਂ ਦੀ ਸੇਵਾ ਕਰਨ ਅਤੇ ਸਿੱਖਿਆ ਨੂੰ ਉਤਸਾਹਿਤ ਕਰਨ ਦਾ ਮਾਰਗ ਵਿਖਾਇਆ। ਸ਼੍ਰੀ ਮੁੰਦਰਾ ਵਰਗੇ ਸਮਾਜਸੇਵਕ ਨੂੰ ਲੋਕੀ ਹਮੇਸਾ ਯਾਦ ਰੱਖਣਗੇ। ਇਸ ਮੌਕੇ ਟਰੱਸਟੀ ਡਾ. ਅਜਮੇਰ ਸਿੰਘ, ਬਲਬੀਰ ਸਿੰਘ, ਦਰਸ਼ਨ ਜੈਨ, ਅਮਰਜੀਤ ਸਿੰਘ, ਇੰਜ. ਐਮ. ਸੀ. ਸ਼ਰਮਾ, ਸੰਦੀਪ ਸਿੰਘ ਤੋਂ ਇਲਾਵਾ ਕੈਪਟਨ ਹਾਕਮ ਸਿੰਘ, ਐਸ.ਐਮ ਸਿੰਘ, ਰਾਜਿੰਦਰ ਸਿੰਘ ਅਤੇ ਆਪਣਾ ਘਰ 'ਚ ਰਹਿ ਰਹੇ ਬਜ਼ੁਰਗ ਹਾਜ਼ਰ ਸਨ।

ਖ਼ੂਨਦਾਨ ਕੈਂਪ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ 11 ਜੁਲਾਈ 2020 ਨੂੰ ਸੈਣੀ ਭਵਨ ਵਿਖੇ 14ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੋਰੋਨਾ ਮਹਾਮਾਰੀ ਦੀ ਹਦਾਇਤਾਂ 'ਤੇ ਅਮਲ ਕਰਦਿਆਂ **ਲਾਇਫ਼ ਲਾਇਨ ਬਲੱਡ ਡੋਨਰ ਸੋਸਾਇਟੀ, ਰੂਪਨਗਰ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ, ਰਜਨੀ ਹਰਬਲ ਮਲਿਕਪੁਰ ਤੇ ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ** ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਦੌਰਾਨ 60 ਖ਼ੂਨਦਾਨੀਆਂ ਨੇ ਸ਼ਮੂਲੀਅਤ ਕੀਤੀ ਅਤੇ ਰੋਟਰੀ ਐਂਡ ਬਲੱਡ ਬੈਂਕ ਸੋਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਤੋਂ ਡਾ. ਰੌਲੀ ਅਗਰਵਾਲ ਦੀ ਅਗਵਾਈ 'ਚ ਆਈ ਟੀਮ ਵਲੋਂ 44 ਵਿਅਕਤੀਆਂ ਦਾ ਖ਼ੂਨ ਲਿਆ ਗਿਆ। ਖ਼ੂਨਦਾਨੀਆਂ ਦਾ ਸਨਮਾਨ ਕਰਨ ਲਈ ਉੱਘੇ ਬਲੱਡ ਡੋਨਰ ਸ. ਸੁਖਜੀਤ ਸਿੰਘ ਵਿਰਕ ਡੀਐਸਪੀ ਸ਼੍ਰੀ ਚਮਕੌਰ ਸਾਹਿਬ ਨੇ ਵਿਸ਼ੇਸ਼ ਤੌਰ ਤੇ ਕੈਂਪ ਵਿੱਚ ਸ਼ਿਰਕਤ ਕੀਤੀ ਅਤੇ ਉਨ੍ਹਾਂ ਬਲੱਡ ਡੋਨਰਜ਼ ਦਾ ਸਨਮਾਨ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਆਖਿਆ ਕਿ ਖ਼ੂਨ ਦੀ ਮਹੱਤਤਾ ਉਹੀ ਵਿਅਕਤੀ ਪ੍ਰਗਟ ਕਰ ਸਕਦਾ ਹੈ ਜਿਸ ਨੂੰ ਇਸ ਦੀ ਲੋੜ ਮਹਿਸੂਸ ਹੋਈ ਹੋਵੇਗੀ। ਖ਼ੂਨਦਾਨ

ਕਰਨ ਨਾਲ ਲੋੜਵੰਦਾਂ ਨੂੰ ਨਵਾਂ ਜੀਵਨ ਮਿਲਦਾ ਹੈ ਇਸ ਲਈ ਜੋ ਖ਼ੂਨਦਾਨ ਕਰਦੇ ਹਨ ਉਹ ਮਹਾਨ ਹਨ। ਉਨ੍ਹਾਂ ਸੈਣੀ ਭਵਨ ਦੀ ਸੰਸਥਾ ਨੂੰ ਅਜਿਹੇ ਨੇਕ ਕਾਰਜ ਕਰਨ ਲਈ ਵਧਾਈ ਦਿੱਤੀ। ਇਸ ਮੌਕੇ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ, ਬਲੱਡ ਡੋਨਰਾਂ, ਸਹਿਯੋਗੀਆਂ ਅਤੇ ਡਾ. ਰੋਲੀ ਅਗਰਵਾਲ ਦੀ ਟੀਮ ਦਾ ਸਵਾਗਤ ਅਤੇ ਧੰਨਵਾਦ ਕੀਤਾ। ਕੈਂਪ ਦੌਰਾਨ ਖ਼ੂਨਦਾਨੀਆਂ ਨੂੰ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੋਂ ਇਲਾਵਾ ਬਲਬੀਰ ਸਿੰਘ ਸੈਣੀ, ਦੇਵਿੰਦਰ ਸਿੰਘ ਜਟਾਣਾ, ਕੈਪਟਨ ਹਾਕਮ ਸਿੰਘ, ਗੁਰਮੁੱਖ ਸਿੰਘ ਲੋਂਗੀਆ, ਬਹਾਦਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਇੰਜ. ਕੁਲਤਾਰ ਸਿੰਘ, ਅਮਰਜੀਤ ਸਿੰਘ, ਸਦਰ ਸਾਂਝ ਕੇਂਦਰ ਤੋਂ ਏਐਸਆਈ ਮੋਹਨ ਸਿੰਘ ਅਤੇ ਹਰਦੀਪ ਸਿੰਘ ਨੇਕ ਕਾਰਜ ਕਰਨ ਲਈ ਅਸ਼ੀਰਵਾਦ ਤੇ ਵਧਾਈ ਦਿੱਤੀ। ਕੈਂਪ ਨੂੰ ਸਫਲ ਬਣਾਉਣ ਲਈ ਸਮਾਜਸੇਵੀਆਂ ਕੰਵਲਜੀਤ ਸਿੰਘ ਬਾਬਾ, ਰੌਣਕ ਸਿੰਘ ਔਲਖ, ਗੁਰਪ੍ਰੀਤ ਸਿੰਘ ਉਬਰਾਏ, ਰੁਪਿੰਦਰ ਸਿੰਘ ਊਬਰਾਏ, ਇੰਦਰਜੀਤ ਸਿੰਘ ਗੰਧੋ, ਚਰਨਦੀਪ ਸਿੰਘ ਚੈਰੀ, ਸੁਖਦੀਪ ਸਿੰਘ, ਮਨਕੀਰਤ ਸਿੰਘ, ਤਰਨਪ੍ਰੀਤ ਸਿੰਘ, ਮਨਜੋਤ ਸਿੰਘ ਵਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਕੈਂਪ ਦੌਰਾਨ ਰਣਜੀਤ ਸਿੰਘ ਏਐਸਆਈ ਨੇ 43ਵੀਂ ਵਾਰ, ਹਰਨੇਕ ਸਿੰਘ ਭੂਰਾ ਨੇ 41ਵੀਂ ਵਾਰ, ਅਜੈ ਭਿਉਰਾ ਨੇ 30ਵੀਂ ਵਾਰ, ਹਰਦੀਪ ਸਿੰਘ ਨੇ 26 ਵੀਂ ਵਾਰ, ਮਨਜੀਤ ਸਿੰਘ ਨੇ 25ਵੀਂ ਵਾਰ, ਹਿਤੇਸ਼ ਚੰਦ ਨੇ 21ਵੀਂ ਵਾਰ, ਅਮਿਤ ਸੈਣੀ ਤੇ ਕੰਵਰਜੀਤ ਸੈਣੀ ਨੇ 20 ਵੀਂ ਵਾਰ, ਚਰਨਦੀਪ ਸਿੰਘ ਨੇ 18ਵੀਂ ਵਾਰ, ਪਰਮਜੀਤ ਸਿੰਘ ਨੇ 16ਵੀਂ ਵਾਰ, ਰਣਵੀਰ ਸਿੰਘ ਔਲਖ ਤੇ ਅਮਨਦੀਪ ਸਿੰਘ ਨੇ 15ਵੀਂ ਵਾਰ ਖ਼ੂਨਦਾਨ ਕੀਤਾ। **ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ ਨੇ ਸਮੂਹ ਖ਼ੂਨਦਾਨੀਆਂ ਨੂੰ ਮੁਫ਼ਤ ਰਿਫਰੈਸ਼ਮੈਂਟ ਦਿੱਤੀ।**

ਇਸ ਮੌਕੇ ਸੈਣੀ ਬਰਾਦਰੀ ਨਾਲ ਸਬੰਧਤ ਉੱਦਮੀ ਨਰਿੰਦਰ ਸਿੰਘ ਵਲੋਂ ਰੂਪਨਗਰ ਨਜ਼ਦੀਕ ਨੰਗਲ ਰੋਡ ਤੇ ਪਿੰਡ ਮਲਿਕਪੁਰ ਵਿਖੇ ਸਥਾਪਿਤ ਆਯੁਰਵੈਦਿਕ ਉਤਪਾਦ ਤਿਆਰ ਕਰਨ ਵਾਲੀ ਕੰਪਨੀ **ਰਜਨੀ ਹਰਬਲਜ਼ ਵਲੋਂ ਸਰੀਰਕ ਇਮੂਨਿਟੀ ਵਧਾਉਣ ਲਈ ''ਇਮੂਨ ਰਤਨ'' ਨਾਂ ਦਾ ਉਤਪਾਦ ਲਾਂਚ** ਕੀਤਾ ਗਿਆ। ਇਸ ਸਮੇਂ ਕੰਪਨੀ ਦੇ ਡਾਇਰੈਕਟਰ ਇੰਜ. ਕੁਲਤਾਰ ਸਿੰਘ ਨੇ ਦੱਸਿਆ ਕਿ ਇਸ ਉਤਪਾਦ ਦਾ ਰੋਜ਼ਾਨਾ ਸੇਵਨ ਕਰਨ ਨਾਲ ਸਰੀਰ ਅੰਦਰ ਇਮਿਊਨਿਟੀ ਸਿਸਟਮ ਮਜਬੂਤ ਹੁੰਦਾ ਹੈ ਜਿਸ ਨਾਲ ਬਿਮਾਰੀਆ ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਮੌਕੇ ਹਾਜ਼ਰ ਪਤਵੰਤੇ ਵਿਅਕਤੀਆਂ ਨੇ ਕੰਪਨੀ ਨੂੰ ਇਹ ਨਵਾਂ ਉਤਪਾਦ ਤਿਆਰ ਕਰਨ ਲਈ ਵਧਾਈ ਦਿੱਤੀ। ਇਸ ਕੰਪਨੀ ਵੱਲੋਂ ਸਾਰੇ ਖ਼ੂਨਦਾਨੀਆਂ ਨੂੰ "ਇਮਿਊਨ ਰਤਨ" ਦਾ ਤੋਹਫਾ ਭੇਂਟ ਕੀਤਾ।

ਸੈਣੀ ਭਵਨ ਨੂੰ ਸੈਨੀਟਾਈਜ਼ਰ ਸੈਂਸਰ ਮਸ਼ੀਨ ਦਾ ਦਾਨ

ਸੈਣੀ ਭਵਨ ਕਮੇਟੀ ਦੇ ਸਾਬਕਾ ਮੈਂਬਰ ਸਵ. ਗੁਰਦਾਸ ਸਿੰਘ ਦੇ ਸਪੁੱਤਰ ਸ. ਜਤਿੰਦਰ ਸਿੰਘ, ਪੰਜਾਬ, ਹਰਿਆਣਾ ਤੇ ਹਿਮਾਚਲ ਦੇ ਹੋਲਸੇਲ ਡਿਟਰੀਬਿਊਟਰ ਨੇ ਰੀਬੂਨ ਇੰਫੋਸਿਸਟਮ ਕੰਪਨੀ ਫਰੀਦਾਬਾਦ ਵਲੋਂ ਤਿਆਰ ਹੱਥਾਂ ਨੂੰ ਸੈਨੀਟਾਈਜ਼ ਕਰਨ ਵਾਲੀ ''ਐਲਵਸ ਸੈਨੀ ਸਪਰੇਅ'' ਨਾਂ ਦੀ ਇਕ ਮਸ਼ੀਨ 22 ਜੁਲਾਈ, 2020 ਨੂੰ ਸੈਣੀ ਭਵਨ ਰੂਪਨਗਰ ਨੂੰ ਦਾਨ ਕੀਤੀ ਗਈ। ਇਸ ਦੀ ਕੀਮਤ ਕੋਈ 8 ਹਜ਼ਾਰ ਰੁਪਏ ਹੈ। ਇਸ ਮਸ਼ੀਨ ਵਿੱਚ ਪਾਏ 5 ਲੀਟਰ ਅਲਕੋਹਲਯੁਕਤ ਐਂਟੀਸੈਪਟਕ ਸਾਲੂਸ਼ਨ ਨਾਲ 4 ਤੋਂ 5 ਹਜ਼ਾਰ ਹੱਥਾਂ ਨੂੰ ਸੈਨੀਟਾਈਜ਼ ਕੀਤਾ ਜਾ ਸਕਦਾ ਹੈ।ਸੈਣੀ ਭਵਨ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਹੈਂਡ ਸੈਨੀਟਾਈਜ਼ਰ ਮਸ਼ੀਨ ਦਾਨ ਕਰਨ ਲਈ ਜਤਿੰਦਰ ਸਿੰਘ ਦਾ ਧੰਨਵਾਦ ਕੀਤਾ। ਇਸ ਮਸ਼ੀਨ ਦਾ ਸੈਣੀ ਭਵਨ 'ਚ ਆਉਣ ਵਾਲੇ ਆਮ ਲੋਕਾਂ ਤੇ ਇੱਥੇ ਸਿੱਖਿਆ ਪ੍ਰਾਪਤ ਕਰਨ ਵਾਲੇ ਸਿੱਖਿਆਰਥੀਆਂ ਨੂੰ ਲਾਭ ਪ੍ਰਾਪਤ ਹੋਵੇਗਾ। ਇਸ ਸੈਨੀਟਾਈਜ਼ਰ ਮਸ਼ੀਨ ਨੂੰ ਸੈਣੀ ਭਵਨ 'ਚ ਲਗਾਉਣ ਦੀ ਰਸਮ ਸੰਸਥਾ ਦੇ ਟਰੱਸਟੀ ਦੇਵਿੰਦਰ ਸਿੰਘ ਜਟਾਣਾ ਨੇ ਨਿਭਾਈ। ਇਸ ਮੌਕੇ ਸੀਨੀਅਰ ਸਿਟੀਜ਼ਨਜ਼ ਕੌਂਸਲ ਰੂਪਨਗਰ ਦੇ ਪ੍ਰਧਾਨ ਇੰਜ. ਕਰਨੈਲ ਸਿੰਘ ਤੋਂ ਇਲਾਵਾ ਸੰਸਥਾ ਦੇ ਟਰੱਸਟੀ ਰਾਜਿੰਦਰ ਸੈਣੀ, ਗੁਰਮੁੱਖ ਸਿੰਘ ਲੋਂਗੀਆ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ ਅਤੇ ਮੈਨੇਜਰ ਹਰਦੀਪ ਸਿੰਘ ਹਾਜ਼ਰ ਸਨ।

ਆਨਲਾਈਨ ਮੁਕਾਬਲੇ 'ਚ ਜੇਤੂ ਬੱਚਿਆਂ ਦਾ ਸਨਮਾਨ:-

ਸੈਣੀ ਭਵਨ ਵਿਖੇ 10 ਜੂਨ, 2020 ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਸੋਨਾਲੀ ਗਿਰੀ ਨੇ ਸਵੈ ਸੇਵੀ ਸੰਸਥਾ **ਹੋਪ ਫਾਊਂਡੇਸ਼ਨ,** ਰੂਪਨਗਰ ਵਲੋਂ ਕਰਵਾਏ ਗਏ ਆਨਲਾਈਨ ਮੁਕਾਬਲਿਆਂ ਦੇ ਜੇਤੂ ਬੱਚਿਆਂ ਨੂੰ ਇਨਾਮ ਵੰਡੇ। ਇਹ ਮੁਕਾਬਲੇ ਕੋਵਿਡ-19 ਮਹਾਂਮਾਰੀ ਸਮੇਂ ਘਰਾਂ ਵਿੱਚ ਬੈਠੇ ਬੱਚਿਆਂ ਦੇ ਮਾਨਸਿਕ ਤਣਾਅ ਘਟਾਉਣ ਅਤੇ ਮਨੋਬਲ ਵਧਾਉਣ ਲਈ ਆਨਲਾਈਨ

ਸਿੰਗਿੰਗ, ਪੇਂਟਿੰਗ, ਡਾਂਸਿੰਗ, ਐਕਟਿੰਗ, ਇਨਸਟਰੂਮੈਂਟ ਪਲੇਇੰਗ ਆਦਿ ਦੇ ਕਰਵਾਏ ਗਏ ਸਨ। ਇਸ ਵਿੱਚ ਤਕਰੀਬਨ 250 ਬੱਚਿਆਂ ਨੇ ਭਾਗ ਲਿਆ ਅਤੇ 32 ਬੱਚਿਆਂ ਨੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਪ੍ਰਾਪਤ ਕੀਤੇ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਸੰਬੋਧਨ ਕਰਦੇ ਹੋਏ ਸਮੂਹ ਜ਼ਿਲ੍ਹਾ

ਨਿਵਾਸੀਆਂ ਅਤੇ ਮੀਡੀਆ ਦਾ ਕੋਰੋਨਾ ਵਾਇਰਸ ਨੂੰ ਰੋਕਣ ਲਈ ਪ੍ਰਸਾਸ਼ਨ ਦਾ ਹਰ ਤਰਾਂ ਦਾ ਸਾਥ ਦੇਣ ਦੀ ਸ਼ਲਾਘਾ ਕੀਤੀ। ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ. ਦੇਵਿੰਦਰ ਸਿੰਘ ਜਟਾਣਾ, ਸ੍ਰੀ ਪੰਕਜ ਯਾਦਵ ਕੋਆਰਡੀਨੇਟਰ ਨਹਿਰੂ ਯੁਵਾ ਕੇਂਦਰ ਰੂਪਨਗਰ, ਡਾ. ਅਜਮੇਰ ਸਿੰਘ ਪ੍ਰਧਾਨ ਸੈਣੀ ਭਵਨ, ਰਜਿੰਦਰ ਸੈਣੀ ਪੀ.ਆਰ.ਓ. ਨੇ ਆਪਣੀ ਹਾਜ਼ਰੀ ਲਗਵਾਈ ਅਤੇ ਪ੍ਰੋ. ਮਮਤਾ ਅਰੋੜਾ ਨੇ ਸਟੇਜ ਦੀ ਭੂਮਿਕਾ ਨਿਭਾਈ ! ਇਸ ਸਮੇਂ ਫਾਊਂਡੇਸ਼ਨ ਪ੍ਰਧਾਨ ਅਮਨਪ੍ਰੀਤ ਸਿੰਘ ਕਾਬੜਵਾਲ, ਵਾਇਸ ਪ੍ਰਧਾਨ ਤੇ ਪੇਜ਼ ਦੇ ਫਾਊਂਡਰ ਐਡਵੋਕੇਟ ਕੁਲਤਾਰ ਸਿੰਘ, ਜਨਰਲ ਸਕੱਤਰ ਮਨੋਜ ਕੌਸ਼ਲ, ਸਰਪੰਚ ਅਜਮੇਰ ਸਿੰਘ, ਦਲਵਿੰਦਰ ਸਿੰਘ ਬੈਦਵਾਨ, ਰਣਜੀਤ ਸਿੰਘ, ਹਰਤਿੰਦਰ ਸਿੰਘ, ਜਸਪ੍ਰੀਤ ਸਿੰਘ, ਗੁਰਕੀਰਤ ਸਿੰਘ ਮੌਜੂਦ ਸਨ।

❊ ❊ ❊ ❊ ❊

ਕਵਿਤਾ

ਇਹ ਭਾਰਤ ਹੁਣ ਮੇਰਾ ਨਹੀਂ

(ਸ਼੍ਰੀ ਗੁਰਦਿਆਲ ਰੌਸ਼ਨ ਦੀ ਲਿਖੀ ਇਹ ਕਵਿਤਾ ਇੱਕ ਪ੍ਰਵਾਸੀ ਬੱਚੇ ਦੀ ਵੇਦਨਾ ਹੈ ਜਿਸ ਦੀ ਮਜ਼ਦੂਰ ਮਾਂ ਕਰੋਨਾ ਵਾਇਰਸ ਦੇ ਲੌਕਡਾਊਨ ਦੌਰਾਨ ਭੁੱਖਮਰੀ ਨਾਲ ਸਤਾਈ ਆਪਣੇ ਘਰ ਨੂੰ ਜਾਂਦੀ ਹੋਈ ਬਿਹਾਰ ਦੇ ਮੁਜ਼ੱਫਰਾਬਾਦ ਰੇਲਵੇ ਸਟੇਸ਼ਨ 'ਤੇ ਮਰ ਜਾਂਦੀ ਹੈ।)

ਤੇਰੇ ਬਿਨ ਹੈ ਮੇਰਾ ਕੌਣ ?
ਮਾਂ, ਛੱਡ ਐਨਾ ਲੰਬਾ ਸੌਣ।

ਮੈਨੂੰ ਘੁੱਟ ਕੇ ਸੀਨੇ ਲਾ,
ਮੁੰਨਾਂ ਕਹਿ ਕੇ ਫੇਰ ਬੁਲਾ।

ਤੂੰ ਵੀ ਤੇ ਮੈਂ ਵੀ ਮਜ਼ਬੂਰ,
ਆਪਾਂ ਹਾਲੇ ਜਾਣਾ ਦੂਰ।

ਨਾ ਦਰਿਆ, ਨਾ ਸਾਡੇ ਰੁੱਖ,
ਸਾਡਾ ਸਾਥ ਨਿਭਾ ਗਈ ਭੁੱਖ।

ਰਾਹ, ਨਾ ਸਾਡੇ ਸ਼ਹਿਰ, ਗਰਾਂ,
ਮਰਨੇ ਨੂੰ ਨਾ ਮਿਲਦੀ ਥਾਂ।

ਵਿਸ਼ੇਸ਼ ਸੂਚਨਾ

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵੱਲੋਂ ਪੇਸ਼ੇਵਰ ਤਕਨੀਕੀ ਵਿਦਿਅਕ ਸੰਸਥਾਵਾਂ 'ਚ ਸ਼ੈਸ਼ਨ ਸਾਲ 2020-21 ਦੌਰਾਨ ਦਾਖਲੇ ਲੈਣ ਵਾਲੇ **ਵਿਦਿਆਰਥੀਆਂ ਨੂੰ ਸਕਾਲਰਸ਼ਿੱਪ** ਦੇਣ ਲਈ ਅਰਜ਼ੀਆਂ 30 ਸਤੰਬਰ 2020 ਤੱਕ ਪ੍ਰਾਪਤ ਕੀਤੀਆਂ ਜਾਣਗੀਆਂ। ਟਰੱਸਟ ਵਲੋਂ ਇਹ ਵਜੀਫ਼ੇ ਆਰਥਿਕ ਪੱਖੋ ਕਮਜ਼ੋਰ ਪਰਿਵਾਰਾਂ ਦੇ ਪੜ੍ਹਾਈ ਵਿੱਚ ਵਧੀਆ ਨਤੀਜੇ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ। ਅਰਜ਼ੀਆਂ ਦੇ ਫਾਰਮ ਸੈਣੀ ਭਵਨ ਰੂਪਨਗਰ ਤੋਂ ਕੰਮ ਵਾਲੇ ਦਿਨਾਂ ਦੌਰਾਨ (ਸ਼ਨੀਵਾਰ ਤੇ ਐਤਵਾਰ ਨੂੰ ਛੱਡਕੇ) 5 ਅਗਸਤ 2020 ਤੋਂ ਸਵੇਰੇ 10 ਤੋਂ 1 ਵਜੇ ਤੱਕ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਫਾਰਮ ਸੈਣੀ ਭਵਨ ਦੀ ਵੈਬਸਾਇਟ www.sainibhawan.org ਤੋਂ ਵੀ ਡਾਉਂਨਲੋਡ ਕੀਤਾ ਜਾ ਸਕਦਾ ਹੈ। ਟਰੱਸਟ ਵਲੋਂ ਇਸ ਸਾਲ ਵੀ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਦ੍ਰਿੜ ਬਣਾਉਣ ਦੇ ਉਦੇਸ਼ ਨਾਲ ਭਖਦੇ ਮਸਲਿਆਂ ਤੇ **ਭਾਸ਼ਣ ਪ੍ਰਤਿਯੋਗਤਾ** ਸੈਣੀ ਭਵਨ 'ਚ ਕਰਵਾਈ ਜਾਵੇਗੀ। ਪ੍ਰਤਿਯੋਗਤਾਵਾਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਦਿੱਤਾ ਜਾਵੇਗਾ। ਭਾਸ਼ਣ ਪ੍ਰਤਿਯੋਗਤਾ ਅਤੇ ਵਜੀਫ਼ਿਆਂ ਦੀ ਵੰਡ ਨਵੰਬਰ ਮਹੀਨੇ ਦੇ ਪਹਿਲੇ ਹਫਤੇ 'ਚ ਕੀਤੀ ਜਾਵੇਗੀ। ਟਰੱਸਟ ਵੱਲੋਂ ਸਾਲ 2020-21 ਦੌਰਾਨ ਕੋਈ 6 ਲੱਖ ਰੁਪਏ ਦੇ ਵਜੀਫ਼ੇ ਦਿੱਤੇ ਜਾਣ ਦਾ ਪ੍ਰੋਗਰਾਮ ਹੈ।

ਇਸ ਤੋਂ ਇਲਾਵਾ ਟਰੱਸਟ ਵਲੋਂ ਉਚੇਰੀ ਸਿੱਖਿਆ ਨੂੰ ਉਤਸਾਹਿਤ ਕਰਨ ਲਈ ਸਾਲ 2020-21 ਦੌਰਾਨ **ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸ਼ਿੱਪ** ਤਹਿਤ 25 ਹਜ਼ਾਰ ਰੁਪਏ ਮਹੀਨਾ ਤੱਕ (ਤਿੰਨ ਲੱਖ ਸਾਲਾਨਾ) ਦਾ ਵਜ਼ੀਫਾ ਦਿੱਤਾ ਜਾਣਾ ਹੈ। ਇਹ ਸੈਣੀ ਬਰਾਦਰੀ ਦੇ ਉਸ ਸਿੱਖਿਆਰਥੀ ਨੂੰ ਹੀ ਦਿੱਤਾ ਜਾਵੇਗਾ ਜੋ ਕਿਸੇ ਕੌਮੀ ਪੱਧਰ ਦੀ ਗੌਰਵਮਈ ਸੰਸਥਾ ਤੋਂ ਟੈਕਨਾਲੋਜੀ, ਸਾਇੰਸ, ਮੈਨੇਜਮੈਂਟ, ਕਮਰਸ ਜਾਂ ਮਾਸ ਮੀਡੀਆ ਆਦਿ ਦੇ ਖੇਤਰ 'ਚ ਪੋਸਟਗ੍ਰੈਜੂਏਸ਼ਨ/ ਖੋਜ਼ ਦੀ ਉਚੇਰੀ ਪੜ੍ਹਾਈ ਕਰਦਾ ਹੋਵੇਗਾ। ਇਹ ਵਜ਼ੀਫਾ ਲੈਣ ਦੇ ਇੱਛਕ ਸਿੱਖਿਆਰਥੀ 31 ਅਕਤੂਬਰ, 2020 ਤੱਕ ਆਪਣੀ ਅਰਜੀ ਨਿਧਾਰਤ ਫਾਰਮ ਤੇ ਭਰ ਕੇ ਜੋਕਿ ਸੈਣੀ ਭਵਨ ਤੋਂ ਨਿੱਜੀ ਤੌਰ ਤੇ ਜਾਂ ਸੈਣੀ ਭਵਨ ਦੀ ਵੈਬਸਾਈਟ www.sainibhawan.org ਤੋਂ ਪ੍ਰਾਪਤ ਕਰਕੇ ਭੇਜ ਸਕਦੇ ਹਨ। ਪੰਜਾਬ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਤੋਂ ਸਿੱਖਿਅਰਥੀ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ 9815636079, 9872220400 ਅਤੇ 9417602835 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਮਹਾਂਸਾਗਰਾਂ ਦਾ ਪਾਂਧੀ - ਜੇਮਜ਼ ਕੁੱਕ

ਡਾ. ਅਜਮੇਰ ਸਿੰਘ ਸੈਣੀ
ਸੈਣੀ ਭਵਨ ਰੂਪਨਗਰ

ਇੰਗਲੈਂਡ ਦੇਸ਼ ਦਾ ਵਾਸੀ ਜੇਮਜ਼ ਕੁੱਕ ਇਸ ਦੁਨੀਆਂ ਵਿੱਚ ਰਿਹਾ ਤਾਂ ਕੇਵਲ ਪੰਜਾਹ ਸਾਲ ਹੀ ਪਰ ਇਸ ਦੌਰਾਨ ਉਸ ਨੇ ਮਹਾਂਸਾਗਰਾਂ ਨੂੰ ਗਾਹ ਮਾਰਿਆ। ਇਸ ਅਣਕਿਆਸੇ ਕਾਰਜ ਕਾਰਨ ਉਸ ਨੂੰ ਅਠ੍ਹਾਰਵੀਂ ਸਦੀ ਦਾ ਮਹਾਨ ਵਿਗਿਆਨਕ ਖੋਜੀ, ਜਹਾਜ਼ਰਾਨ ਅਤੇ ਨਕਸ਼ਾਨਵੀਸ ਬਣਨ ਦਾ ਮਾਣ ਹਾਸਲ ਹੋਇਆ। ਇਸ ਕਰਮਯੋਗੀ ਨੇ ਪਹਿਲੀ ਵੇਰ ਅਸਟ੍ਰੇਲੀਆ ਦੇ ਪੂਰਬੀ ਸਮੁੰਦਰੀ ਤੱਟ ਨੂੰ ਯੂਰਪੀ ਨਕਸ਼ੇ ਨਾਲ ਜੋੜਨ ਅਤੇ ਨਿਊਜ਼ੀਲੈਂਡ ਦੇਸ਼ ਦੁਆਲੇ ਸਮੁੰਦਰੀ ਚੱਕਰ ਲਗਾਉਣ ਦਾ ਮਹਾਨ ਕਾਰਜ ਕੀਤਾ। ਉਸ ਨੇ ਤੀਹ ਕੁ ਸਾਲ ਸਮੁੰਦਰੀ ਪਾਣੀਆਂ ਵਿੱਚ ਘੁੰਮਦਿਆਂ ਦਰਜਣਾਂ ਟਾਪੂਆਂ ਦਾ ਪਤਾ ਲਗਾ ਕੇ ਉਨ੍ਹਾਂ ਦੇ ਨਕਸ਼ੇ ਬਣਾਏ, ਨਾਮਕਰਨ ਕੀਤਾ ਅਤੇ ਆਪਣੇ ਦੇਸ਼ ਦੇ ਨਾਂ ਕੀਤੇ।

ਜੇਮਜ਼ ਕੁੱਕ ਦਾ ਜਨਮ 7 ਨਵੰਬਰ, 1728 ਨੂੰ ਇੰਗਲੈਂਡ ਦੇ ਯਾਰਕਸ਼ਾਇਰ ਇਲਾਕੇ ਵਿੱਚ ਮਾਰਟਨ ਪਿੰਡ ਵਿੱਚ ਪਿਤਾ ਜੇਮਜ਼ ਕੁੱਕ ਅਤੇ ਮਾਤਾ ਗਰੇਸ ਪੇਸ ਦੇ ਘਰ ਹੋਇਆ। ਉਹ ਆਪਣੇ ਮਾਤਾ-ਪਿਤਾ ਦੀ ਅੱਠਵੀਂ ਸੰਤਾਨ ਸੀ। ਪਿਤਾ ਸਕਾਟਲੈਂਡ ਵਿੱਚ ਇੱਕ ਫਾਰਮ 'ਤੇ ਮਜ਼ਦੂਰੀ ਕਰਦਾ ਸੀ ਅਤੇ ਮਾਤਾ ਘਰੇਲੂ ਔਰਤ ਸੀ। ਜੇਮਜ਼ ਕੁੱਕ ਦੇ ਪਿਤਾ ਦੇ ਮਾਲਕ ਨੇ ਉਸ ਦਾ ਪੰਜਵੀਂ ਤੱਕ ਪੜ੍ਹਨ ਦਾ ਪ੍ਰਬੰਧ ਕਰ ਦਿੱਤਾ ਜਿਸ ਉਪਰੰਤ 1741 ਵਿੱਚ ਉਹ ਆਪਣੇ ਪਿਤਾ ਨਾਲ ਕੰਮ ਕਰਨ ਲਗ ਪਿਆ। ਇੰਨਾ ਥੋੜ੍ਹਾ ਪੜ੍ਹਨ ਦੇ ਬਾਵਜੂਦ ਉਹ ਗਣਿਤ, ਖਗੋਲ ਵਿਗਿਆਨ ਦਾ ਗਿਆਨ ਗ੍ਰਹਿਣ ਕਰਨ ਤੇ ਨਕਸ਼ੇ ਤਿਆਰ ਕਰਨ ਦੇ ਯੋਗ ਹੋ ਗਿਆ। ਸੰਨ 1745 ਵਿੱਚ ਉਹ ਇੱਕ ਮਨਿਆਰੀ ਦੇ ਦੁਕਾਨਦਾਰ ਨਾਲ ਸਿਖਾਂਦਰੂ ਸੇਲ ਮੈਨ ਲੱਗ ਗਿਆ। ਇੱਥੇ ਉਹ ਦੁਕਾਨ ਦੀ ਖਿੜਕੀ ਵਿੱਚ ਬੈਠਾ ਸਮੁੰਦਰ ਵੱਲ ਝਾਕਦਾ ਰਹਿੰਦਾ ਅਤੇ ਇਸ ਵਿੱਚ ਤਾਰੀਆਂ ਲਗਾਉਣ ਦੀਆਂ ਯੋਜਨਾਵਾਂ ਬਣਾਉਂਦਾ। ਡੇਢ ਸਾਲ ਬਾਅਦ ਉਸ ਦੀ ਮੁਲਾਕਾਤ ਇੱਕ ਕੋਲੇ ਦੇ ਵਪਾਰੀ ਨਾਲ ਹੋਈ ਜਿਸ ਪਾਸ ਕੁੱਝ ਛੋਟੀਆਂ ਸਮੁੰਦਰੀ ਕਿਸ਼ਤੀਆਂ ਸਨ। ਜੇਮਜ਼ ਉਸ ਪਾਸ ਨੌਕਰੀ ਕਰਨ ਲੱਗਾ ਅਤੇ ਕਈ ਸਾਲਾਂ ਤੱਕ ਕੋਲਾ ਢੋਹਣ ਵਾਲੀਆਂ ਕਿਸ਼ਤੀਆਂ ਰਾਹੀਂ ਸਮੁੰਦਰ ਵਿੱਚ ਘੁੰਮਦਾ ਰਿਹਾ। ਇੱਥੋਂ ਸਿਖਲਾਈ ਹਾਸਲ ਕਰ ਕੇ ਉਹ 1755 ਵਿੱਚ ਇੰਗਲੈਂਡ ਦੀ ਰਾਇਲ ਨੇਵੀ ਵਿੱਚ ਭਰਤੀ ਹੋ ਗਿਆ। ਇਸ ਸਮੇਂ ਯੂਰਪ ਵਿੱਚ ਸੱਤ ਸਾਲਾ ਜੰਗ ਲੱਗੀ ਹੋਈ ਸੀ ਜਿਸ ਵਿੱਚ ਜੇਮਜ਼ ਨੇ ਬੜੀ ਬਹਾਦਰੀ ਤੇ ਸਿਆਣਪ ਨਾਲ ਦੁਸ਼ਮਣ ਦੇ ਦੋ ਜਹਾਜ਼ ਡੋਬ ਦਿੱਤੇ।21 ਦਸੰਬਰ, 1762 ਨੂੰ ਉਸ ਨੇ ਐਲੀਜਾਬੈਥ ਬਟਸ ਨਾਲ ਵਿਆਹ ਕਰਵਾ ਲਿਆ ਜਿਸ ਤੋਂ ਛੇ ਬੱਚੇ ਪੈਦਾ ਹੋਏ ਪਰ ਸਾਰੇ ਹੀ ਜਵਾਨ ਹੋਣ ਤੋਂ ਪਹਿਲਾਂ ਰੱਬ ਨੂੰ ਪਿਆਰੇ ਹੋ ਗਏ।

ਸੰਨ 1760 ਵਿੱਚ ਉਸ ਨੇ ਫਾਊਂਡਲੈਂਡ ਟਾਪੂ ਦੀ ਖੋਜ ਕੀਤੀ ਜਿੱਥੇ ਰਹਿੰਦਿਆਂ 1766 ਵਿੱਚ ਲੱਗੇ ਸੂਰਜ ਗ੍ਰਹਿਣ ਦਾ ਅਧਿਐਨ ਕਰ ਕੇ ਵਿਗਿਆਨਕ ਅੰਕੜੇ ਇੰਗਲੈਂਡ ਦੀ ਰਾਇਲ ਸੁਸਾਇਟੀ ਨੂੰ ਭੇਜੇ। ਉਸ ਵਲੋਂ ਇਸ ਟਾਪੂ ਦੇ ਤਿਆਰ ਕੀਤੇ ਨਕਸ਼ੇ ਵਿਗਿਆਨੀਆਂ ਵਲੋਂ ਵੀਹਵੀਂ ਸਦੀ ਵਿੱਚ ਵੀ ਵਰਤੋਂ ਵਿੱਚ ਲਿਆਂਦੇ ਗਏ। ਇਸ ਸਫਲਤਾ ਤੋਂ ਹੌਸਲਾ ਤੇ ਪ੍ਰੇਰਨਾ ਲੈ ਕੇ ਜੇਮਜ਼ ਨੇ ਮਹਾਂਸਾਗਰਾਂ ਦੇ ਅਣਖੋਜੇ ਤੇ ਅਪਹੁੰਚ ਖੇਤਰਾਂ ਦੀ ਯਾਤਰਾ ਕਰ ਕੇ ਉਨ੍ਹਾਂ ਦੇ ਨਕਸ਼ੇ ਤਿਆਰ ਕਰਨ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ। ਇਸ ਉਦੇਸ਼ ਦੀ ਪੂਰਤੀ ਹਿੱਤ ਉਸ ਨੇ ਤਿੰਨ ਮਹਾਨ ਸਮੁੰਦਰੀ ਯਾਤਰਾਵਾਂ ਕੀਤੀਆਂ।

ਪਹਿਲੀ ਯਾਤਰਾ ਜੋ 1768 ਤੋਂ 1771 ਤੱਕ ਸੀ, ਦਾ ਮੁੱਖ ਮਨੋਰਥ ਧਰਤੀ ਦੀ ਸੂਰਜ ਤੋਂ ਦੂਰੀ ਦਾ ਪਤਾ ਲਗਾਉਣ ਲਈ 1769 ਵਿੱਚ ਵੀਨਸ ਗ੍ਰਹਿ ਵਲੋਂ ਸੂਰਜ ਅੱਗਿਓਂ ਲੰਘਣ (ਵੀਨਸ ਟਰਾਂਜ਼ਿਟ) ਦਾ ਅਧਿਐਨ ਕਰ ਕੇ ਰਿਪੋਰਟਾਂ ਤਿਆਰ ਕਰਨਾ ਸੀ। ਇਸ ਮਹੱਤਵਪੂਰਨ ਕੰਮ ਲਈ ਵਿਸ਼ਵ ਦੇ ਭਿੰਨ ਭਿੰਨ 77 ਥਾਵਾਂ 'ਤੇ ਪ੍ਰੇਖਣ ਕਰਨ ਲਈ 151 ਵਿਗਿਆਨੀਆਂ ਨੂੰ ਭੇਜਿਆ ਗਿਆ। ਦੱਖਣੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਨਵੇਂ ਖੋਜੇ ਗਏ ਟਾਪੂ ਤਾਹੀਤੀ 'ਤੇ ਇਹ ਮੁਸ਼ਕਲ ਕੰਮ ਕਰਨ ਲਈ ਇੰਡੇਵੀਅਰ ਸਮੁੰਦਰੀ ਜਹਾਜ਼ 'ਤੇ ਜੇਮਜ਼ ਕੁੱਕ ਆਪਣੇ ਨਾਲ ਅੱਠ ਵਿਗਿਆਨੀਆਂ ਦੀ ਟੀਮ ਨਾਲ ਰਵਾਨਾ ਹੋ ਗਿਆ। ਇਸ ਮਹਾਂਸਾਗਰ ਵਿੱਚ ਜੇਮਜ਼ ਦੀ ਇਹ ਪਲੇਠੀ ਯਾਤਰਾ ਸੀ। ਉਸ ਨੇ ਅਪ੍ਰੈਲ 1769 ਵਿੱਚ ਇਸ ਟਾਪੂ 'ਤੇ ਪਹੁੰਚ ਕੇ ਪ੍ਰੇਖਣਸ਼ਾਲਾ ਤਿਆਰ ਕੀਤੀ ਜਿਸ ਵਿੱਚ 3 ਜੂਨ ਨੂੰ ਵੀਨਸ ਦੇ ਟਰਾਂਜ਼ਿਟ ਦਾ ਅਧਿਐਨ ਕੀਤਾ ਜੋ ਖਰਾਬ ਮੌਸਮ ਕਾਰਨ ਪੂਰੀ ਤਰ੍ਹਾਂ ਸਫਲ ਨਾ ਹੋਇਆ। ਇਸ ਦੇ ਬਾਵਜੂਦ ਵਿਗਿਆਨੀਆਂ ਨੇ ਅਗਲੇ 60 ਸਾਲਾਂ ਵਿੱਚ ਸਾਰੀਆਂ ਪ੍ਰਾਪਤ ਹੋਈਆਂ ਰਿਪੋਰਟਾਂ ਦਾ ਨਿਰਖ-ਪਰਖ ਕਰਕੇ ਸੂਰਜ ਦਾ ਧਰਤੀ ਤੋਂ ਫਾਸਲਾ 96 ਮਿਲੀਅਨ ਮੀਲ ਪਾਇਆ, ਜੋ ਅਸਲ ਮੁੱਲ 93 ਮਿਲੀਅਨ ਮੀਲ ਤੋਂ ਥੋੜ੍ਹਾ ਵੱਧ ਸੀ। ਇਸ ਯਾਤਰਾ ਦਾ ਦੂਜਾ ਮੁੱਖ ਉਦੇਸ਼ ਗੁੰਮ ਹੋਏ ਮਹਾਂਦੀਪ ਟੇਰਾ ਅਸਟ੍ਰੇਲਿਸ ਇੰਨਕੁਗਨੀਟਾ ਦਾ ਪਤਾ ਲਗਾਉਣਾ ਸੀ। ਜੇਮਜ਼ ਇਸ ਕੰਮ ਵਿੱਚ ਤਾਂ ਸਫਲ ਨਾ

ਹੋਇਆ ਪਰ ਉਸ ਨੇ 70 ਨਵੇਂ ਵੱਡੇ ਛੋਟੇ ਟਾਪੂ ਖੋਜ ਲਏ ਜਿਨ੍ਹਾਂ ਨੂੰ ਉਸ ਨੇ 'ਸੁਸਾਇਟੀ ਆਈਲੈਂਡਜ਼' ਨਾਮ ਦਿੱਤਾ ਅਤੇ ਨਿਊਜ਼ੀਲੈਂਡ ਦੇ ਸਮੁੰਦਰੀ ਕਿਨਾਰੇ ਪਹੁੰਚ ਕੇ ਜਹਾਜ਼ ਨੂੰ ਬੈਰੀਅਰ ਰੀਫ 'ਚ ਲੈ ਗਿਆ ਜਿੱਥੇ ਬੌਟਨੀ ਬੇਅ ਅਤੇ ਕੁਕਸ ਬੇਅ ਦੀ ਖੋਜ ਕੀਤੀ। ਉਸ ਦੇ ਨਾਲ ਗਏ ਜੀਵ ਤੇ ਬਨਸਪਤੀ ਵਿਗਿਆਨੀਆਂ ਨੇ 17000 ਤੋਂ ਵੱਧ ਬੂਟਿਆਂ ਤੇ ਸੈਕੜੇ ਜੀਵਾਂ ਦੇ ਨਮੂਨੇ ਅਤੇ ਸਾਰੀਆਂ ਥਾਵਾਂ ਦੇ ਨਕਸ਼ੇ ਤਿਆਰ ਕਰ ਕੇ ਸਾਂਭ ਲਏ। ਇਨ੍ਹਾਂ ਦੁਰਲਭ ਵਸਤਾਂ ਦੀ ਵਰਤੋਂ ਅਗਲੀ ਸਦੀ ਵਿੱਚ ਭੂ-ਵਿਗਿਆਨੀਆਂ ਨੇ ਨਵੀਆਂ ਖੋਜਾਂ ਲਈ ਕੀਤੀ। ਜੇਮਜ਼ 22 ਅਗਸਤ, 1770 ਨੂੰ ਅਸਟ੍ਰੇਲੀਆ ਦੇ ਧੁਰ ਉੱਤਰੀ ਸਮੁੰਦਰੀ ਤੱਟ 'ਤੇ ਪਹੁੰਚ ਗਿਆ ਜਿਸ ਨੂੰ ਉਸ ਨੇ ਕੇਪ ਯੌਰਕ ਨਾਮ ਦਿੱਤਾ। ਇੱਥੋਂ ਟੌਰੇਸ ਸਟ੍ਰੇਟ ਰਾਹੀਂ ਹਿੰਦ ਮਹਾਂਸਾਗਰ ਵਿੱਚ ਦਾਖਲ ਹੋਇਆ ਅਤੇ ਪੋਜ਼ੈਸ਼ਨ ਆਈਲੈਂਡ ਰਾਹੀਂ ਬਟਾਵੀਆ (ਹੁਣ ਜਕਾਰਟਾ) ਗਿਆ ਜਿੱਥੇ ਉਸ ਦੇ ਕਈ ਸਾਥੀ ਮਲੇਰੀਏ ਦੀ ਬਿਮਾਰੀ ਦਾ ਸ਼ਿਕਾਰ ਹੋ ਗਏ ,ਫਿਰ ਕੇਪ ਆਫ ਗੁੱਡ ਹੋਪ ਹੁੰਦਿਆਂ 30 ਅਪ੍ਰੈਲ 1771 ਨੂੰ ਟਾਪੂ ਸੇਂਟ ਹੈਲੀਨਾ ਪੁੱਜ ਕੇ 12 ਜੁਲਾਈ 1771 ਨੂੰ ਵਾਪਿਸ ਇੰਗਲੈਂਡ ਪੁੱਜ ਗਿਆ।

ਜੇਮਜ਼ ਕੁੱਕ ਨੇ ਦੂਜੀ ਸਮੁੰਦਰੀ ਯਾਤਰਾ 1772 ਤੋਂ 1775 ਤੱਕ ਕੀਤੀ। ਇਸ ਦਾ ਮੁੱਖ ਉਦੇਸ਼ ਟੈਰਾ ਅਸਟ੍ਰੇਲਸ ਟਾਪੂ ਦੀ ਭਾਲ ਕਰਨੀ ਸੀ। ਹੁਣ ਉਹ ਖੁਦ ਕੈਪਟਨ ਬਣ ਗਿਆ ਸੀ। ਉਸ ਨੇ ਜਹਾਜ਼ ਰੈਜ਼ੋਲੂਸ਼ਨ ਦੀ ਕਮਾਨ ਸੰਭਾਲੀ ਅਤੇ 17 ਜਨਵਰੀ 1773 ਨੂੰ ਦੱਖਣੀ ਧਰੁਵ 'ਤੇ ਐਂਟਾਰਕਟਿਕ ਸਰਕਲ ਨੂੰ ਪਾਰ ਕਰਨ ਵਾਲਾ ਪਹਿਲਾ ਯਾਤਰੂ ਬਣ ਗਿਆ। ਇੱਥੇ ਉਸ ਦਾ ਸਾਥੀ ਜਹਾਜ਼ ਐਡਵੈਂਚਰ ਬਰਫੀਲੀ ਧੁੰਦ ਕਾਰਨ ਉਸ ਤੋਂ ਵਿਛੁੜ ਕੇ ਨਿਊਜ਼ੀਲੈਂਡ ਵੱਲ ਚਲੇ ਗਿਆ ਜਿੱਥੇ ਮੌਰੀ ਲੋਕਾਂ ਨਾਲ ਝੜਪ ਨਾਲ ਕੁੱਝ ਸਾਥੀ ਗੁਆ ਬੈਠਾ ਅਤੇ ਵਾਪਿਸ ਇੰਗਲੈਂਡ ਪਰਤ ਆਇਆ। ਇਸ ਦੇ ਬਾਵਜੂਦ ਜੇਮਜ਼ 31 ਜਨਵਰੀ 1774 ਨੂੰ ਐਂਟਾਰਕਟਿਕ ਪਹੁੰਚਣ ਵਿੱਚ ਸਫਲ ਹੋ ਗਿਆ। ਉਹ ਟੈਰਾ ਅਸਟ੍ਰੇਲਸ ਦੀ ਭਾਲ ਵਿੱਚ ਤਾਹੀਤੀ ਤੋਂ ਤੇਲ ਪੁਆ ਕੇ ਵਾਪਿਸ ਨਿਊਜ਼ੀਲੈਂਡ ਵੱਲ ਗਿਆ ਪਰ ਟੈਰਾ ਅਸਟ੍ਰੇਲਸ ਨੂੰ ਤਾਂ ਲੱਭ ਨਾ ਸਕਿਆ। ਉਹ ਫਰੈਂਡਲੀ ਆਈਲੈਂਡ, ਈਸਟਰ ਆਈਲੈਂਡ, ਨਾਰਫਾਲਕ ਆਈਲੈਂਡ, ਨਿਊ ਕੈਲੇਡੋਨੀਆਂ ਤੇ ਵਨੁਅਤੂ ਟਾਪੂਆਂ 'ਤੇ ਗਿਆ। ਇੱਥੋਂ ਉਹ ਕੇਪ ਹਾਰਨ ਰਾਹੀਂ ਦੱਖਣੀ ਐਟਲਾਂਟਿਕ ਮਹਾਂਸਾਗਰ ਵਿੱਚ ਦਾਖਲ ਹੋਇਆ ਅਤੇ ਸਾਉਥ ਜਾਰਜੀਆ ਟਾਪੂ ਨੂੰ ਆਪਣੇ ਦੇਸ਼ ਦੇ ਹਵਾਲੇ ਕੀਤਾ। ਇੱਥੋਂ ਉਹ ਦੱਖਣੀ ਅਫਰੀਕਾ ਵੱਲ ਮੁੜਿਆ ਅਤੇ ਇੰਗਲੈਂਡ ਪੁੱਜ ਗਿਆ। ਜੇਮਜ਼ ਕੁੱਕ ਮਹਾਂਦੀਪਾਂ ਦੇ ਬਹੁਤ ਮੁੱਲਵਾਨ ਨਕਸ਼ੇ ਤਿਆਰ ਕਰ ਕੇ ਲਿਆਇਆ ਜਿਸ ਦੀ ਬਹੁਤ ਪ੍ਰਸ਼ੰਸਾ ਹੋਈ ਅਤੇ ਉਸ ਨੂੰ ਪੋਸਟ ਕੈਪਟਨ ਵਜੋਂ ਤਰੱਕੀ ਦਿੱਤੀ ਗਈ। ਉਸ ਨੂੰ ਰਾਇਲ ਸੁਸਾਇਟੀ ਦਾ ਮੈਂਬਰ ਵੀ ਬਣਾ ਲਿਆ ਗਿਆ। ਹਾਊਸ ਆਫ ਲਾਰਡਜ਼ ਨੇ ਉਸ ਨੂੰ 'ਯੂਰਪ ਦਾ ਪਹਿਲਾ ਜਹਾਜ਼ਰਾਨ' ਖਿਤਾਬ ਨਾਲ ਸਨਮਾਨਿਤ ਕੀਤਾ।

ਹੁਣ ਜੇਮਜ਼ ਕੁੱਕ ਸਮੁੰਦਰੀ ਯਾਤਰਾਵਾਂ ਦਾ ਮਾਹਿਰ ਬਣ ਗਿਆ ਸੀ ਅਤੇ ਉਹ ਨਵੇਂ ਟਾਪੂਆਂ ਦੀ ਤਲਾਸ਼ ਕਰ ਕੇ ਇਨ੍ਹਾਂ ਦੇ ਨਕਸ਼ੇ ਤਿਆਰ ਕਰਨ ਲਈ ਕਾਹਲਾ ਸੀ। ਇਸ ਲਈ ਉਹ ਉਤਰੀ ਅਮਰੀਕਾ ਦੇ ਪੱਛਮ-ਉਤਰ ਵੱਲ ਪ੍ਰਸ਼ਾਂਤ ਮਹਾਂਸਾਗਰ ਨੂੰ ਟੋਹਣ ਲਈ 1776 ਵਿੱਚ ਤੀਜੀ ਯਾਤਰਾ ਲਈ ਚੱਲ ਪਿਆ। ਪਹਿਲਾਂ ਉਹ ਤਾਹੀਤੀ ਟਾਪੂ 'ਤੇ ਗਿਆ ਅਤੇ ਉੱਥੋਂ 1778 ਵਿੱਚ ਹਵਾਈ ਟਾਪੂਆਂ 'ਤੇ ਪਹੁੰਚ ਗਿਆ। ਇਨ੍ਹਾਂ ਟਾਪੂਆਂ 'ਤੇ ਜਾਣ ਵਾਲਾ ਉਹ ਪਹਿਲਾ ਯੂਰਪੀਅਨ ਮਨੁੱਖ ਸੀ। ਉਹ ਵੈਨਕੂਵਰ ਤੋਂ ਹੁੰਦਾ ਹੋਇਆ ਅਲਾਸਕਾ ਗਿਆ ਜਿਸ ਦਾ ਉਸ ਨੇ ਪੂਰਾ ਸਰਵੇਖਣ ਕੀਤਾ। ਫਿਰ ਬੇਰਿੰਗ ਸਟਰੇਟ ਰਾਹੀਂ ਰੂਸ ਦੇ ਧੁਰ ਉੱਤਰ ਦੇ ਸਾਇਬੇਰੀਆ ਇਲਾਕੇ ਜਾ ਪਹੁੰਚਾ। ਉਹ ਸ਼ਾਇਦ ਉਤਰੀ ਧਰੁਵ ਦੇ ਸਿਰੇ 'ਤੇ ਪਹੁੰਚ ਜਾਂਦਾ ਜੇ ਬਰਫ ਉਸ ਦਾ ਰਾਹ ਨਾ ਰੋਕਦੀ। ਉਹ 1779 ਵਿੱਚ ਵਾਪਿਸ ਹਵਾਈ ਟਾਪੂ 'ਤੇ ਆ ਗਿਆ। ਇਸ ਸਮੇਂ ਇੱਥੇ ਬਹੁਤ ਮਹੱਤਵਪੂਰਨ ਧਾਰਮਿਕ ਉਤਸਵ ਚੱਲ ਰਿਹਾ ਸੀ ਜਿਸ ਕਾਰਨ ਜੇਮਜ਼ ਦੀ ਟੀਮ ਦਾ ਬਹੁਤ ਸਵਾਗਤ ਹੋਇਆ। ਪਰ ਕਿਸੇ ਕਾਰਨ ਇਨ੍ਹਾਂ ਦਾ ਹਵਾਈ ਦੇ ਲੋਕਾਂ ਨਾਲ ਝਗੜਾ ਹੋ ਗਿਆ। ਕੁੱਝ ਲੁਟੇਰਿਆਂ ਨੇ ਜੇਮਜ਼ ਦੀ ਇੱਕ ਛੋਟੀ ਕਿਸ਼ਤੀ ਚੋਰੀ ਕਰ ਲਈ। ਜੇਮਜ਼ ਨੇ ਹਵਾਈ ਦੇ ਰਾਜੇ ਨੂੰ ਫੜ ਕੇ ਜਹਾਜ਼ 'ਤੇ ਚੜ੍ਹਾ ਲਿਆ ਅਤੇ ਫਿਰ ਲੋਕਾਂ ਦੇ ਵਿਰੋਧ ਕਾਰਨ ਛੱਡ ਦਿੱਤਾ। ਜਦੋਂ ਜੇਮਜ਼ ਆਪਣੇ ਜਹਾਜ਼ 'ਤੇ ਸਵਾਰ ਹੋਣ ਲੱਗਾ ਤਾਂ ਕਿਸੇ ਨੇ ਉਹ ਦੇ ਸਿਰ 'ਤੇ ਚੋਟ ਕੀਤੀ ਅਤੇ ਕਿਸੇ ਹੋਰ ਨੇ ਪਿੱਠ ਵਿੱਚ ਛੁਰਾ ਮਾਰ ਦਿੱਤਾ। ਉਹ ਮੌਕੇ 'ਤੇ ਹੀ ਸਵਾਸ ਛੱਡ ਗਿਆ। ਇਸ ਪ੍ਰਕਾਰ 14 ਫਰਬਰੀ 1779 ਨੂੰ ਇਸ ਮਹਾਨ ਕਰਮਯੋਗੀ ਦਾ ਅੰਤ ਹੋ ਗਿਆ। ਟਾਪੂ ਦੇ ਲੋਕਾਂ ਨੇ ਸਨਮਾਨਪੂਰਬਕ ਜੇਮਜ਼ ਦੀ ਦੇਹ ਨੂੰ ਸੰਭਾਲ ਕੇ ਉਸ ਦਾ ਅੰਤਮ ਸੰਸਕਾਰ ਕੀਤਾ। ਇਸ ਝਗੜੇ ਵਿੱਚ ਜੇਮਜ਼ ਦੀ ਟੀਮ ਦੇ ਚਾਰ ਹੋਰ ਅਧਿਕਾਰੀ ਮਾਰੇ ਗਏ ਅਤੇ ਦੋ ਜ਼ਖਮੀ ਹੋ ਗਏ। ਬਾਕੀ ਬਚਦੇ ਯਾਤਰੀ ਕੀਮਤੀ ਨਕਸ਼ਿਆਂ ਸਮੇਤ ਅਕਤੂਬਰ 1780 ਵਿੱਚ ਇੰਗਲੈਂਡ ਪਹੁੰਚ ਗਏ।

ਉਸ ਦੇ ਆਪਣੇ ਦੇਸ਼ ਇੰਗਲੈਂਡ, ਅਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਸਰਕਾਰਾਂ ਨੇ ਜੇਮਜ਼ ਕੁੱਕ ਨੂੰ ਬਹੁਤ ਸਨਮਾਨ ਦਿੱਤਾ। ਅਸਟ੍ਰੇਲੀਆ ਦੇ ਸੂਬੇ ਕੁਈਨਜ਼ਲੈਂਡ ਵਿੱਚ ਜੇਮਜ਼ ਕੁੱਕ ਯੂਨੀਵਰਸਿਟੀ ਬਣਾਈ ਗਈ ਹੈ। ਵਿਸ਼ਵ ਭਰ ਵਿੱਚ ਦਰਜਣਾਂ ਟਾਪੂ, ਪਹਾੜੀ ਚੋਟੀਆਂ ਤੇ ਸਮੁੰਦਰੀ ਜਹਾਜ਼ ਜੇਮਜ਼ ਕੁੱਕ ਦੇ ਨਾਮ 'ਤੇ ਹਨ। ਇੱਕ ਗਰੀਬ ਪਰਿਵਾਰ ਚੋਂ ਉੱਠ ਕੇ ਅਣਜਾਣੇ ਮਹਾਂਸਾਗਰਾਂ ਦੇ ਨਕਸ਼ੇ ਤਿਆਰ ਕਰਨ ਵਾਲਾ ਜੇਮਜ਼ ਕੁੱਕ ਦੁਨੀਆਂ ਦਾ ਪਹਿਲਾ ਵਿਗਿਆਨੀ, ਜਹਾਜ਼ਰਾਨ ਤੇ ਹਿੰਮਤੀ ਇਨਸਾਨ ਸੀ।

❋ ❋ ❋ ❋ ❋

ਕਹਾਣੀ

ਜਾਹ ਪਰੇ

ਭੁਪਿੰਦਰ ਸਿੰਘ
ਪੀ.ਸੀ.ਐੱਸ. (ਆਈ.ਏ.ਐੱਸ.)

ਹੋਰ ਰਿਸ਼ਤਿਆਂ ਤੇ ਮਾਂ ਦੇ ਰਿਸ਼ਤੇ ਵਿੱਚ ਬਸ ਇੰਨਾਂ ਹੀ ਫਰਕ ਐ। ਉਨ੍ਹਾਂ ਸਾਕਾਂ ਦਾ ਤਪ ਤੇਜ਼ ਤੇ ਨਿੱਘ ਵਧਦਾ ਘਟਦਾ ਰਹਿੰਦਾ ਹੈ ਪਰ ਮਾਂ ਚਾਲੀ ਸਾਲ ਦੀ ਵੀ ਮਾਂ ਰਹਿੰਦੀ ਏ, ਸੱਠ ਸਾਲ ਦੀ ਵੀ ਤੇ ਮਰਨ ਉਪਰੰਤ ਵੀ।

ਜਦੋਂ ਵੀ ਸਮਾਂ ਲਗਦਾ ਮੈਂ ਆਪਣੇ ਘਰ ਜ਼ਰੂਰ ਜਾਂਦਾ। ਵਕਤ ਘੱਟ ਈ ਹੁੰਦਾ। ਉਸ 'ਚੋਂ ਵੀ ਚੋਖਾ ਸਮਾਂ ਜਵਾਬ-ਤਲਬੀ ਦੇ ਲੇਖੇ ਲੱਗ ਜਾਂਦਾ। ਰਹਿੰਦਾ ਵਕਤ ਪ੍ਰੇਮ ਭਾਓ ਦੀਆਂ ਗੱਲਾਂ। ਮਾਂ ਪੁੱਤ ਦਾ ਦੁੱਖ ਸੁੱਖ।

ਅੱਖਾਂ ਵਿੱਚ ਰੋਹ ਭਰ ਕੇ ਉਹ ਪੁੱਛਦੀ,“ ਅੱਜ ਮੇਰਾ ਖਿਆਲ ਕਿੱਦਾਂ ਆ ਗਿਆ?”

“ ਬੱਸ, ਸਰਕਾਰੀ ਰੁਝੇਵੇਂ। ਹੋਰ ਮਜ਼ਬੂਰੀਆਂ। ਛੁੱਟੀ ਵੀ ਤੁਹਾਨੂੰ ਪਤਾ.....”

“ ਛੁੱਟੀ ਦੀ ਗੱਲ ਤਾਂ ਤੂੰ ਛੱਡ। ਮੇਰੀ ਨਿਗਾਹ ਭਾਵੇਂ ਬੁੱਢੀ ਹੋ ਗਈ ਪਰ ਪਰਛਾਵੇਂ ਵਾਂਗੂੰ ਤੇਰਾ ਪਿੱਛਾ ਕਰਦੀ ਰਹਿੰਦੀ ਆ। ਅਖਬਾਰਾਂ ਚੋਂ, ਟੈਲੀਵਿਯਨ ਤੋਂ, ਮੁਲਾਹਜ਼ੇਦਾਰਾਂ ਦੀਆਂ ਗੱਲਾਂ ਤੋਂ, ਸਭ ਪਤਾ ਲਗਦਾ ਰਹਿੰਦਾ ਤੇਰਾ। ਤੂੰ ਸਾਰੇ ਪਾਸੇ ਜਾਂਦੈਂ, ਮੇਰੇ ਕੋਲ ਆਉਣਾ ਹੋਵੇ ਤਾਂ ਛੁੱਟੀ.....”

“ ਅਜੇਹੀ ਕੋਈ ਗੱਲ ਨਹੀਂ। ਸੁਆਸ-ਸੁਆਸ ਯਾਦ ਕਰੀ...ਦਾ ਤੈਨੂੰ। ਤੇਰਾ ਅਸ਼ੀਰਵਾਦ ਤਾਂ ਉੜਾਈ ਫਿਰਦਾ ਚਾਰੇ ਕੂੰਟਾਂ ਵਿੱਚ.... ਪਰ ਕੁੱਝ ਸਮਾਜਿਕ ਘੇਰਾ ਵਧ ਗਿਆ। ਰਿਸ਼ਤੇਦਾਰਾਂ ਦੀ ਗਿਣਤੀ ਵੀ ਸੁੱਖ ਨਾਲ ਵਧ ਗਈ, ਭਗਾਨੇ ਵਾਂਗ”।

“ ਇਹ ਜਿਨ੍ਹਾਂ ਨੂੰ ਤੂੰ ਰਿਸ਼ਤੇਦਾਰੀਆਂ ਕਹਿੰਦਾਂ ਐ ਨਾ, ਸਭ ਲਫਾਫੇਬਾਜੀਆਂ। ਮਾਂ ਦਾ ਪਿਆਰ ਤਾਂ ਸੁੱਖਾਂ ਲੋੜਨ ਤੋਂ ਸ਼ੁਰੂ ਹੁੰਦਾ ਤੇ ਇੱਥੇ ਹੀ ਮੁੱਕ ਜਾਂਦਾ। ਤੂੰ ਸਮਝ ਲੈ ਪਈ ਏਸ ਬਰੇਸੇ ਹੁਣ ਮਹਾਰਾਜ ਤੋਂ ਮੰਗਣਾ ਵੀ ਕਿਆ ਹੋਇਆ। ਨੌਂ ਨਿਧਾਂ ਤੇ ਬਾਰਾਂ ਸਿਧਾਂ ਤੁਹਾਡੀਆਂ।...ਬੱਚਾ ਜੰਮਣ ਵੇਲੇ ਮਾਂ ਦਾ ਵੀ ਸਮਝ ਲੈ ਪਈ ਨਵਾਂ ਜਨਮ”।

“ਮਾਂ, ਸਵਾ ਮਹੀਨਾ ਸੇਵਾ ਦੀ ਕਸਰ ਵੀ ਤਾਂ ਨੀ ਰਹਿੰਦੀ। ਮੰਜੇ 'ਤੇ ਬੈਠਿਆਂ ਈ ਬਦਾਮ ਰੋਗਨ ਦੀਆਂ ਮਾਲਸ਼ਾਂ। ਘਿਓ ਤੇ ਹਲਦੀ ਰਲ਼ਾ ਕੇ ਦੁੱਧ। ਪੰਜੀਰੀ ਮੇਵੇ ਪਾ ਕੇ....”।

“ਜਾਹ ਪਰੇ” ਓਹ ਮੋਢੇ ਅਤੇ ਪਿੱਠ ਵਿਚਾਲੇ ਧੱਫਾ ਮਾਰ ਕੇ ਕਹਿੰਦੀ। ਗੁੱਸੇ ਭਰਿਆ ਚਿਹਰਾ ਮੱਕੀ ਦੀਆਂ ਖਿੱਲਾਂ ਵਾਂਗ ਖਿੜ ਜਾਂਦਾ। ਉਹ ਹੱਸ ਪੈਂਦੀ, ਜਿਵੇਂ ਆਮ ਔਰਤ ਨਹੀਂ ਕੋਈ ਫਿਲਮ ਅਭਿਨੇਤਰੀ ਹੋਵੇ।

ਉਂਜ ਤੇ ਸੁਭਾਓ ਓਹਦਾ ਬਾਣ-ਪ੍ਰਸਥੀਆਂ ਜਿਹਾ ਸੀ ਪਰ ਪਿੰਡ ਦਾ ਮੋਹ ਉਸ ਕਦੀ ਨਾ ਤਿਆਗਿਆ। ਛਾਹ ਵੇਲੇ ਤੋਂ ਹੀ ਪਿੰਡ ਦੀਆਂ ਤੀਵੀਂਆਂ ਆਉਣ ਲਗਦੀਆਂ ਤੇ ਮਾਂ ਨੂੰ ਇਲਾਕੇ ਦੀਆਂ ਗੱਲਾਂ ਆਮ ਕਰ ਕੇ ਤੇ ਪਿੰਡ ਦੀਆਂ ਖਾਸ ਕਰ ਕੇ ਮਿਰਚ ਮਸਾਲੇ ਲਾ ਕੇ ਸੁਣਾਉਂਦੀਆਂ ਰਹਿੰਦੀਆਂ। ਬਾਤਾਂ ਦੀ ਲੜੀ ਸ਼ੁਰੂ ਨਾ ਹੁੰਦੀ ਤਾਂ ਉਹ ਨੂੰ ਚਾਹ ਵੀ ਬਕਬਕੀ ਜਿਹੀ ਲਗਦੀ। ਸਾਡੇ ਕੋਲ ਖੁਸ਼ੀ ਗ਼ਮੀ ਦੇ ਮੌਕਿਆਂ 'ਤੇ ਈ ਆਉਂਦੀ। ਮੇਰੇ ਜੁੰਮੇ ਦੋ ਕੰਮ ਹੀ ਹੁੰਦੇ। ਕਾਰ ਵਿੱਚ ਲੈ ਜਾਣਾ ਤੇ ਫਿਰ ਛੱਡਣ ਵੀ ਜਾਣਾ। ਸ਼ਬਦਾਂ ਦੀਆਂ ਟੇਪਾਂ ਨਾਲ ਲੈ ਕੇ ਜਾਣੀਆਂ। ਪੱਧਰੀ ਸੜਕ 'ਤੇ ਜਦੋਂ ਇਲਾਹੀ ਬਾਣੀ ਦਾ ਅਲਾਪ ਹੁੰਦਾ ਤਾਂ ਉਹ ਅੱਖਾਂ ਮੀਟ ਲੈਂਦੀ। ਮੰਤਰ ਮੁਗਧ ਹੋ ਜਾਂਦੀ ਜਿਵੇਂ ਉਹ ਕਾਰ ਵਿੱਚ ਨਹੀਂ ਜੱਨਤ ਵਿੱਚ ਬੈਠੀ ਹੋਵੇ।

ਜਦੋਂ ਵੀ ਉਹ ਮੇਰੀ ਕਿਸੇ ਧੀ ਦੇ ਵਿਆਹ 'ਤੇ ਆਉਂਦੀ, ਮੱਲੋਮੱਲੀ ਵਾਧੂ ਖਰਚਾ ਕਰਾ ਜਾਂਦੀ। ਲਾਗੇ ਹੋ ਕੇ ਉਹ ਮੱਤਾਂ ਦਿੰਦੀ,“ਪੁੱਤਾਂ ਨੇ ਤਾਂ ਸਭ ਕੁੱਝ ਸੰਭਾਲਣਾ ਹੁੰਦਾ। ਅੱਜ ਨਹੀਂ ਤਾਂ ਭਲਕੇ। ਧੀਆਂ ਧਿਆਣੀਆਂ ਤਾਂ ਬੇਜ਼ੁਬਾਨ ਹੁੰਦੀਆਂ। ਜੋ ਦਿੱਤਾ ਉਸੇ ਨੂੰ ਮੁਕੱਦਰ ਸਮਝ ਲਿਆ। ਜੇ ਨਾ ਵੀ ਮਿਲਿਆ ਤਾਂ ਵੀ ਮਾਪਿਆਂ ਦੀ ਠੰਢੀ ਵਾਅ ਉਡੀਕਦੀਆਂ। ਤਦੇ ਤਾਂ ਇਹਨਾਂ ਨੂੰ ਕੁੜੀਆਂ ਚਿੜੀਆਂ ਕਹਿੰਦੇ ਆ”।

“ ਕੁੜੀਆਂ ਨੂੰ ਚਿੜੀਆਂ ਭਲਾ ਕਿਉਂ ਕਹਿੰਦੇ ਆ?” ਮੈਂ ਗੱਲ ਘੁਮਾਉਣੀ ਚਾਹੀ। “ ਚਿੜੀਆਂ ਦਾ ਕੁੱਝ ਵੀ ਨਹੀਂ ਹੁੰਦਾ। ਘਰ ਨਾ ਦਰ। ਅੱਗਾ ਨਾ ਪਿੱਛਾ। ਇਵੇਂ ਈ ਧੀਆਂ ਧਿਆਣੀਆਂ ਦਾ ਆਪਣਾ ਕੋਈ ਟਿਕਾਣਾ ਨਹੀਂ। ਮਾਪੇ ਜੁਆਕੜੀਆਂ ਜਿਹੀਆਂ ਨੂੰ ਪਾਲਦੇ ਆ। ਪਾਲ ਪੋਸ ਕੇ ਅੱਗੇ ਤੋਰ ਦਿੰਦੇ ਆ...”। “ਚਿੜੀਆਂ ਦੇ ਤਾਂ ਮੈਨੂੰ ਪਤਾ ਨਹੀਂ ਪਰ ਕੁੜੀਆਂ ਦੇ ਤਿੰਨ ਘਰ ਹੋ ਗਏ”। ਮੈਂ ਵਾਤਾਵਰਨ ਵਿੱਚ ਆਈ ਕੁੜੱਤਣ ਨੂੰ ਮੋੜਾ ਪਾਇਆ।

“ ਤਿੰਨ ਕਿਹੜੇ?” ਉਸ ਹੈਰਾਨੀ ਨਾਲ ਪੁੱਛਿਆ।

“ ਇੱਕ ਮਾਪਿਆਂ ਦਾ ਘਰ, ਦੂਜਾ ਸਹੁਰਿਆਂ ਦਾ, ਤੀਜਾ ਪੱਕਾ ਘਰ ਉਸ ਅਕਾਲ ਸ਼ਕਤੀ ਦੇ ਚਰਨਾਂ ਵਿੱਚ”।

“ ਜਾਹ ਪਰੇ....”। ਉਸ ਧੱਪਾ ਮਾਰਿਆ ਤੇ ਖਿੜ ਖਿੜਾ ਕੇ ਹੱਸ ਪਈ। ਓਹਦਾ ਸਾਰਾ ਸਰੀਰ ਹੱਸ ਰਿਹਾ ਸੀ। ਪਤਾ ਨਹੀਂ ਇਸ ਹਾਸੇ ਵਿੱਚ ਕੀ ਕੁੱਝ ਸੀ? ਕਿੰਨੀ ਕੁ ਕਸਕ ਤੇ ਕਰਵਾਹਟ। ਕਿੰਨੀ ਕੁ ਆਸ। ਕਿੰਨਾਂ ਕੁ ਸੱਚ। ਕਿੰਨਾਂ ਕੁ ਝੂਠ।

ਇਸ ਵਾਰ ਜਦੋਂ ਮੈਂ ਮਿਲਣ ਗਿਆ ਤਾਂ ਮਾਂ ਖਾਸੀ ਡੋਲੀ ਹੋਈ ਸੀ। ਭੱਖ ਜਿਹੀ ਵੀ ਸੀ ਥੋਹੜੀ ਥੋਹੜੀ। ਹੱਡ ਭੰਨਵੀ ਜਿਹੀ ਲੱਗੀ ਹੋਵੇ ਜਿਵੇਂ।

“ ਕਾਕਾ ਬਹੂ ਨੂੰ ਨਹੀਂ ਲਿਆਇਆ?”। ਆਵਾਜ਼ ਜਿਵੇਂ ਓਹਦੇ ਗਲੇ 'ਚੋਂ ਨਹੀਂ, ਦਿਲ ਦੀ ਕਿਸੇ ਨੁੱਕੜ 'ਚੋਂ ਆ ਰਹੀ ਹੋਵੇ।

“ ਮੈਂ ਸਰਕਾਰੀ ਦੌਰੇ 'ਤੇ ਗਿਆ ਸੀ। ਓਧਰੋਂ ਈ ਆ ਰਿਹਾਂ। ਘਰ ਨਹੀਂ ਗਿਆ”। “ ਨਿੱਕੇ ਨਿਆਣੇ”। ਪੋਤੇ

ਪੋਤੀਆਂ ਦੇ ਬਿੰਬ ਜਿਵੇਂ ਉਹਦੀਆਂ ਅੱਖਾਂ ਵਿੱਚ ਲਰਜ ਰਹੇ ਹੋਣ, ਭੰਬੂ ਤਾਰਿਆਂ ਦੀ ਤਰ੍ਹਾਂ।

" ਕੁੱਝ ਪੜ੍ਹਾਈਆਂ ਵਿੱਚ ਰੁਲੇ ਨੇ, ਕੁਝ ਗਮੇ ਰੋਜ਼ਗਾਰ ਵਿੱਚ"।

" ਮੇਰਾ ਸਭ ਨੂੰ ਦੇਖਣ ਨੂੰ ਜੀਅ ਕਰਦਾ"।

" ਇੰਜ ਦਿਲ ਕਰਨਾ ਚੰਗਾ ਸ਼ਗਨ ਨਹੀਂ ਹੁੰਦਾ, ਮਾਈ"। ਮੈਂ ਪੈਟਰੋਲ ਦੀਆਂ ਸਿਖਰ ਛੋਂਹਦੀਆਂ ਕੀਮਤਾਂ ਤੋਂ ਘਬਰਾ ਰਿਹਾ ਸੀ।

" ਸਾਡਾ ਟੇਪ ਖਰਾਬ ਜਿਹਾ ਹੋ ਗਿਆ। ਦਿਲ ਕਰਦਾ ਸੀ ਸ਼ਬਦ ਸੁਣਨ ਨੂੰ"।

" ਇਹ ਕਿਹੜੀ ਸਮੱਸਿਆ ਹੋਈ। ਆਪਾਂ ਕਾਰ ਵਿੱਚ ਬੈਠ ਕੇ ਸੁਣ ਲੈਂਦੇ ਆਂ"। ਉਹ ਕਾਰ ਵਿੱਚ ਪਿਛਲੀ ਸੀਟ 'ਤੇ ਸੱਜੇ ਪਾਸੇ ਬੈਠ ਗਈ। ਜ਼ਰਾ ਮਾਹੌਲ ਨੂੰ ਖੁਸ਼ ਗਵਾਰ ਬਨਾਉਣ ਲਈ ਮੈਂ ਕਿਹਾ, " ਮਾਂ, ਆਹ ਸੀਟ ਤਾਂ ਤੂੰ ਬੈ ਕਰਾ ਲਈ ਲਗਦੀ ਐ"।

" ਜਿੱਥੇ ਬੈਠ ਗਏ, ਬੈਠ ਗਏ। ਕੀ ਹੁੰਦਾ ਕੁੜੀਆਂ ਚਿੜੀਆਂ ਦਾ"।

" ਮਾਂ ਤੂੰ ਤਾਂ ਪੁਰਾਣੀਆਂ ਦੇਸੀ ਕਣਕਾਂ ਤੇ ਦੇਸੀ ਘਿਓ ਦਾ ਟੁਰਦਾ ਫਿਰਦਾ ਵਿਗਿਆਪਨ ਐਂ। ਅੱਠ ਬਾਹੀਆਂ ਤੋੜ ਦਿੱਤੀਆਂ। ਨੌਵੀਂ ਨੂੰ ਪਾ ਲਿਆ ਕੁੰਡਾ ਤੇ ਸਮਝਦੀ ਆਪਣੇ ਆਪ ਨੂੰ ਅਜੇ ਵੀ ਕੁੜੀ ਐਂ"। ਉਹ ਬੋਲੀ ਕੁੱਝ ਨਾ।

" ਕਦੋਂ ਆਏਂਗਾ ਹੁਣ?" ਇੰਜ ਲਗਦਾ ਜਿਵੇਂ ਉਹ ਕੋਈ ਵਚਨ ਲੈਣਾ ਚਾਹੁੰਦੀ ਹੋਵੇ।

"ਛੇਤੀ ਹੀ"।

" ਮੈਂ ਉਡੀਕਾਂਗੀ ਤੈਨੂੰ"। ਕਾਰ ਦੀ ਘੂਕਰ ਵਿੱਚ ਸਭ ਕੁੱਝ ਗੁੰਮ ਹੋ ਗਿਆ।। ਉਹਦੀਆਂ ਆਸਾਂ ਵੀ। ਖੁਸ਼ੀ ਵੀ। ਗ਼ਮੀ ਵੀ। ਗੱਲਾਂ ਵੀ। ਤੇ ਕਈ ਕੁੱਝ ਹੋਰ।

ਕੁੱਝ ਦਿਨਾਂ ਮਗਰੋਂ ਮੈਨੂੰ ਟੈਲੀਫੋਨ ਆਇਆ। ਮਾਂ ਚੜ੍ਹਾਈ ਕਰ ਗਈ। ਬਿਨਾਂ ਦੱਸਿਆਂ ਪੁੱਛਿਆਂ ਉਹ ਟੁਰ ਗਈ ਉਹਨਾਂ ਰਾਹਾਂ 'ਤੇ ਜਿਹਦੀਆਂ ਪਗਡੰਡੀਆਂ 'ਤੇ ਸਿੱਧੇ ਪਦ ਚਿਨ੍ਹ ਹੀ ਲਗਦੇ ਨੇ। ਉਲਟੇ ਕਦੇ ਨਹੀਂ। ਚਿੜੀ ਨੂੰ ਵੀ ਬਨੇਰੇ ਤੋਂ ਉਡਦੀ ਨੂੰ ਸਮਾਂ ਲਗਦਾ ਐ। ਉਹਨੇ ਤਾਂ ਇੰਨਾਂ ਝਟਕਾ ਵੀ ਨਹੀਂ ਸਹਾਰਿਆ ਕੁਦਰਤ ਦਾ। ਤਵੇ ਤੇ ਰੋਟੀ ਸੇਕਣ ਲਈ ਵੀ ਸਮਾਂ ਦਰਕਾਰ ਐ। ਪਰ ਇੰਨਾਂ ਸਮਾਂ ਵੀ ਉਸ ਕਿੱਥੇ ਦਿੱਤਾ।

ਦਾਗ ਦੇ ਦਿੱਤੇ। ਫੁੱਲ ਚੁਗ ਲਏ। ਪਰ ਵਿਸ਼ਵਾਸ ਨਾ ਆਵੇ। ਕਿਵੇਂ ਕਰੀਏ ਯਕੀਨ। ਸਾਰੇ ਆਲ਼ੇ ਦੁਆਲ਼ੇ ਦੀ ਖ਼ਬਰ ਰੱਖਣ ਵਾਲੀ ਦੀ ਹੁਣ ਆਪਣੀ ਖ਼ਬਰ ਈ ਕੋਈ ਨਹੀਂ ਸੀ।

ਉਹ ਦੇ ਫੁੱਲ ਲੈ ਕੇ ਮੈਂ ਕਾਰ ਵਿੱਚ ਬੈਠਾ। ਓਹੋ ਪਿਛਲੀ ਸੀਟ ਦੇ ਸੱਜੇ ਪਾਸੇ ਥਾਂ ਰਾਖਵੀਂ ਰਖ ਦਿੱਤੀ। ਮੈਂ ਰਸਤੇ ਵਿੱਚ ਕਿਸੇ ਨਾਲ ਨਹੀਂ ਬੋਲਿਆ। ਕੇਵਲ ਆਪਣੀ ਮਾਂ ਨਾਲ ਰੂ-ਬ-ਰੂ ਰਿਹਾ... ਜੇ ਜਾਣਾ ਈ ਸੀ ਤਾਂ ਇੰਨੀ ਕਾਹਲ ਕਾਹਦੀ। ਉਡੀਕਵਾਨ ਅੱਖਾਂ ਈ ਮਿਲ ਕੇ ਰੱਜ ਲੈਂਦੀਆਂ। ਜਾਂ ਮੈਨੂੰ ਕੋਈ ਇਤਲਾਹ ਈ ਦਿੱਤੀ ਹੁੰਦੀ। ਮੈਂ ਛੇਤੀ ਆ ਜਾਂਦਾ। ਹੋਰ ਛੇਤੀ। ਫੇਰ ਆਪ ਈ ਉੱਤਰ ਦਿੰਦਾ। ਇਨ੍ਹਾਂ ਗੱਲਾਂ ਦਾ ਤਾਂ ਜਾਣ ਵਾਲੇ ਨੂੰ ਖੁਦ ਪਤਾ ਨਹੀਂ ਹੁੰਦਾ। ਅੱਗੇ ਕੀ ਦੱਸੇ।

ਅਸੀਂ ਮੰਜ਼ਲ 'ਤੇ ਪਹੁੰਚ ਗਏ। ਕੀਰਤਨ ਹੋ ਰਿਹਾ ਸੀ। ਉਹ ਦੇ ਮਨਪਸੰਦ ਦੇ ਸ਼ਬਦਾਂ ਦਾ ਉਚਾਰਨ। ਪਾਤਾਲਪੁਰੀ ਅਸਤ ਪਰਵਾਹ ਕਰਨ ਲੱਗਿਆਂ ਮੈਂ ਕਿਹਾ, " ਇਹੋ ਗੱਡੀ ਸੀ ਜਿਸ 'ਤੇ ਹਮੇਸ਼ਾਂ ਆਇਆ ਜਾਇਆ ਕਰਦੀ ਸੀ। ਅੱਜ ਆਖਰੀ ਵਾਰ ਵੀ ਇਹ ਸੇਵਾ ਮੇਰੇ ਜ਼ੁੰਮੇ ਲਾਈ। ਅੰਤਲੀ ਵਾਰ ਮੈਂ ਹੀ ਤੈਨੂੰ ਲੈ ਕੇ ਆਇਆਂ। ਤਿੰਨ ਪੁਸ਼ਤਾਂ ਦੀ ਸੇਵਾ ਸਵੀਕਾਰ ਕਰ। ਇਕ ਪੁਸ਼ਤ ਨੇ ਮਾਪਿਆਂ ਦੇ ਘਰ ਲਾਡ ਦੁਲਾਰ ਦਿੱਤਾ। ਦੂਜੀ ਨੇ ਆਪਣਾ ਘਰ ਸਜਾਇਆ। ਤੈਨੂੰ ਸਰਦਾਰਨੀ ਬਣਾਇਆ ਸਭ ਪਾਸੇ ਦੀ। ਅੱਜ ਤੀਜੀ ਪੁਸ਼ਤ ਤੈਨੂੰ ਰੱਬ ਨੂੰ ਸੌਂਪਣ ਆਈ ਐ। ਹੁਣ ਸਾਡੇ ਵੱਸ ਦੀ ਗੱਲ ਬੇਵਸ ਹੋ ਗਈ।....ਹਾਂ ਇੱਕ ਗੱਲ ਯਾਦ ਕਰਾਵਾਂ, ਤਿੰਨ ਘਰ ਹੋ ਗਏ ਨਾ ਤੇਰੇ"।

" ਜਾਹ ਪਰੇ...." ਇੰਜ ਲੱਗਾ, ਮੇਰੀ ਮਾਂ ਨੇ ਪੂਰਾ ਪਿਆਰ ਦੁਲਾਰ ਦਿੱਤਾ ਤੇ ਨਾਲੇ ਮੇਰੇ ਮੋਢੇ ਤੇ ਪਿੱਠ ਵਿਚਾਲੇ ਧੱਫਾ ਮਾਰਿਆ।

ਪਾਤਾਲ ਪੁਰੀ ਲਾਗੇ ਉੱਗੇ ਰੁੱਖਾਂ 'ਤੇ ਚਿੜੀਆਂ ਚਹਿਚਹਾ ਰਹੀਆਂ ਸਨ। ਬੇਘਰ। ਬੇਆਲ੍ਹਣਾ। ਬੇਆਸਰਾ ਜਹੀਆਂ।

* (ਲੇਖਕ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਮਹਿਤਪੁਰ ਦੇ ਸੈਣੀ ਪਰਿਵਾਰ ਨਾਲ ਸਬੰਧ ਰਖਦੇ ਸਨ ਅਤੇ ਆਈ.ਏ.ਐਸ.ਅਫਸਰ ਵਜੋਂ ਸੇਵਾਮੁਕਤ ਹੋਏ ਸਨ)

❊ ❊ ❊ ❊ ❊

ਮਾਪਿਆਂ ਦਾ ਮਾਣ - ਧੀਆਂ

ਲੁਧਿਆਣਾ ਨਿਵਾਸੀ ਇੱਕ ਟਰੱਕ ਡਰਾਇਵਰ ਦੀ ਬੇਟੀ ਨੇਹਾ ਵਰਮਾ, ਜਿਸਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਪ੍ਰੀਖਿਆ ਵਿੱਚ 99.54% ਅੰਕ ਪ੍ਰਾਪਤ ਕਰਕੇ ਸੂਬੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

ਨਾਨਕ

ਸੁਰਜੀਤ ਪਾਤਰ

ਭਾਗੋ, ਸੱਜਣ, ਵਲੀ ਕੰਧਾਰੀ
ਤਿੰਨਾਂ ਮਿਲ ਕੇ ਜੁਗਤ ਵਿਚਾਰੀ।
ਨਾਨਕ ਨਾਮ ਨੂੰ ਵੇਚਣ ਚੱਲੇ
ਸਭਨਾਂ ਮਿਲ ਕੇ ਕਰੀ ਤਿਆਰੀ।
ਨਾਨਕ ਗੱਡੀ ਵਿੱਚ ਚੜ੍ਹਾ ਕੇ
ਉੱਧਰੋਂ ਚੱਲ ਕੇ ਏਧਰ ਆ ਕੇ।
ਪਿੰਡ ਪਿੰਡ ਨਾਨਕ ਖੂਬ ਘੁਮਾਇਆ
ਬੋਰੀਆਂ ਦੇ ਵਿੱਚ ਭਰ ਲੀ ਮਾਇਆ।

ਗੱਡੀ ਵਿੱਚੋਂ ਬਾਹਰੇ ਵੇਂਹਦਾ
ਤੱਕ ਦੁਨੀਆਂ ਦੇ ਰੰਗ ਤਮਾਸ਼ੇ
ਨਾਨਕ ਸੋਚਾਂ ਦੇ ਵਿੱਚ ਖੋਇਆ
ਨਾਨਕ ਡ੍ਹਾਢਾ ਚਿੰਤਤ ਜਾਪੇ।

ਕਿਉਂ ਫਿਰਦੇ ਇਹ ਬੰਬ ਚਲਾਉਂਦੇ
ਧੂੰਆਂ ਅੰਬਰ ਤੀਕ ਚੜ੍ਹਾਉਂਦੇ
ਪਵਨ ਗੁਰੂ ਤੇ ਪਿਤਾ ਹੈ ਪਾਣੀ
ਨਾਲ਼ੋ ਨਾਲ਼ ਪਏ ਨੇ ਗਾਉਂਦੇ।

ਕਿਉਂ ਇਹ ਹੱਥੀਂ ਕਿਰਤ ਨਾ ਕਰਦੇ
ਵੰਡ ਛਕਣ ਤੋਂ ਕਾਹਤੋਂ ਡਰਦੇ
ਮੇਰੇ ਪੈਰੋਕਾਰ ਕਹਾਉਂਦੇ
ਤਸਵੀਰਾਂ 'ਤੇ ਭੋਗ ਲਗਾਉਂਦੇ।

ਨਾਨਕ ਸਦਾ ਸਿਦਕ 'ਤੇ ਖੜ੍ਹਿਆ
ਨਾਨਕ ਕਦੋਂ ਕਿਸੇ ਨੇ ਫੜਿਆ
ਨਾਨਕ ਮਰੀ ਜ਼ਮੀਰ ਨਹੀਂ ਏ
ਨਾਨਕ ਮਹਿਜ਼ ਸ਼ਰੀਰ ਨਹੀਂ ਏ।

ਨਾਨਕ ਹੈ ਇੱਕ ਸੋਚ ਨਿਰਾਲੀ
ਨਾਨਕ ਮਜ਼ਲੂਮਾਂ ਦਾ ਵਾਲੀ
ਕਤਲ ਜਦੋਂ ਕੁਦਰਤ ਦਾ ਹੋਂਦਾ
ਨਾਨਕ ਓਥੇ ਕਦੋਂ ਖਲੋਂਦਾ।

ਵਿਕਦਾ ਵਾਂਗ ਸਮਾਨ ਨਹੀਂ ਏ
ਨਾਨਕ ਕੋਈ ਦੁਕਾਨ ਨਹੀਂ ਏ
ਸੱਚ ਦੇ ਪਾਂਧੀ ਹੋਣਾ ਪੈਂਦਾ
ਨਾਨਕ ਆਪ ਕਮਾਉਣਾ ਪੈਂਦਾ।

ਜੋ ਇਸ ਭੀੜੋਂ ਦੂਰ ਬੜੇ ਨੇ
ਲੇਬਰ ਚੌਂਕਾਂ ਵਿੱਚ ਖੜ੍ਹੇ ਨੇ
ਇਨ੍ਹਾਂ ਵੱਲ ਨੂੰ ਤੱਕ ਹੱਸਦਾ ਹੈ
ਨਾਨਕ ਇਨ੍ਹਾਂ ਵਿੱਚ ਵਸਦਾ ਹੈ।

ਕਵਿਤਾ

ਅਮਰੀਕ ਹਮਰਾਜ਼

ਯਾਰ ਦੇ ਪੈਰੀਂ ਚੁੱਭ ਜਾਵਣ ਨਾ,
ਚੁੱਕ ਪੱਲੇ ਵਿੱਚ ਪਾਏ ਪੱਥਰ।
ਫੁੱਲਾਂ ਦਾ ਅਸੀਂ ਵਣਜ ਸੀ ਕੀਤਾ,
ਸਾਰੀ ਉਮਰ ਕਮਾਏ ਪੱਥਰ।
ਆਪਣੇ ਆਪ ਨੂੰ ਦੁਨੀਆਂ ਦੇ ਹੀ,
ਰਹਿਬਰ ਦੱਸਣ ਲੱਗ ਪਏ,
ਬੰਦੇ ਨੇ ਚਾਰ ਦਿਵਾਰੀ ਅੰਦਰ,
ਇਸ ਢੰਗ ਨਾਲ ਸਜਾਏ ਪੱਥਰ।
ਦੇਖ ਕੇ ਸਾਡੇ ਸਖ਼ਤ ਇਰਾਦੇ,
ਸਹਿਮੇ ਸਹਿਮੇ ਲਗਦੇ ਨੇ।
ਕੱਚ ਦੇ ਨਾਲ ਯਰਾਨੇ ਗੰਢ ਕੇ,
ਹੁਣ ਕਿਉਂ ਘਬਰਾਏ ਪੱਥਰ।
ਮੋਮਬੱਤੀਆਂ ਨੇ ਖੌਰੇ ਕਿਹੜੀ,
ਸੱਟ ਪੱਥਰ ਦੇ ਮਾਰੀ ਏ ।
ਅੱਜ ਕੱਲ੍ਹ ਰੋਜ਼ ਉਦਾਸ ਪਲਾਂ ਵਿੱਚ,
ਗੀਤ ਮੋਮ ਦੇ ਗਾਏ ਪੱਥਰ।
ਜਦ ਸੱਜਣਾ ਦੇ ਦਰ ਤੇ ਜਾਈਏ,
ਮੱਥੇ ਤਿਉੜੀ ਪਾ ਲੈਂਦੇ ਨੇ,
ਜੀ ਆਇਆਂ ਭਾਵੇਂ ਲਿਖਵਾ ਕੇ,
ਬੂਹੇ ਦੇ ਉੱਤੇ ਲਾਏ ਪੱਥਰ।
ਜਿਹਨਾਂ ਹੱਥਾਂ ਦੀਆਂ ਤਲ਼ੀਆਂ ਉੱਤੇ,
ਫੁੱਲ ਹਮਰਾਜ਼ ਟਿਕਾਏ ਸੀ।
ਉਹਨਾਂ ਹੱਥਾਂ ਨੇ ਸਾਡੇ ਵਿਹੜੇ,
ਰੱਜ ਕੇ ਅੱਜ ਵਰ੍ਹਾਏ ਪੱਥਰ।

❊ ❊ ❊ ❊ ❊

ਸ਼ਰਧਾਂਜਲੀ

ਭਾਰਤ ਦੇ 13ਵੇਂ ਰਾਸ਼ਟਰਪਤੀ (ਸਾਬਕਾ) ਸ਼੍ਰੀ ਪ੍ਰਣਬ ਮੁਖਰਜੀ 31 ਅਗਸਤ 2020 ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਉੱਘੇ ਬੁੱਧੀਜੀਵੀ ਰਾਜਨੀਤਿਕ ਨੇਤਾ ਸਨ, ਜਿਨ੍ਹਾਂ ਨੇ ਪਾਰਟੀ ਪੱਧਰ ਤੋਂ ਉੱਚਾ ਉੱਠ ਕੇ ਦੇਸ਼ ਦੀ ਨਿਰਪੱਖ ਹੋ ਕੇ ਸੇਵਾ ਕੀਤੀ। ਆਪ ਦਾ ਜਨਮ 11 ਦਸੰਬਰ 1935 ਨੂੰ ਮਿਰਟੀ (ਪੱਛਮੀ ਬੰਗਾਲ) ਵਿਖੇ ਸ਼੍ਰੀ ਕਿੰਕਰ ਮੁਖਉਪਾਧਇਆ ਅਤੇ ਸ਼੍ਰੀਮਤੀ ਸਰਾਨੀ ਰਾਜਲਕਸ਼ਮੀ ਮੁਖਰਜੀ ਦੇ ਘਰ ਹੋਇਆ । ਆਪ ਨੇ ਕੋਲਕਤਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕੀਤੀ। ਆਪ ਸੱਤ ਵਾਰ ਸੰਸਦ ਮੈਂਬਰ ਬਣੇ ਅਤੇ ਇਸ ਦੌਰਾਨ ਕੇਂਦਰ ਵਿੱਚ ਭਿੰਨ-ਭਿੰਨ ਵਿਭਾਗਾਂ ਦੇ ਮੰਤਰੀ ਰਹੇ। ਆਪ ਦੀਆਂ ਯੋਗ ਸੇਵਾਵਾਂ ਸਦਕੇ ਭਾਰਤ ਸਰਕਾਰ ਵਲੋਂ ਪਦਮ ਵਿਭੂਸ਼ਨ ਤੇ ਭਾਰਤ ਰਤਨ ਸਨਮਾਨਿਤ ਕੀਤਾ ਗਿਆ। ਆਪ ਦਾ ਵਿਆਹ ਸੁਬਰਾ ਮੁਖਰਜੀ ਨਾਲ ਹੋਇਆ। ਜਿਸਤੋਂ ਆਪ ਜੀ ਦੇ ਦੋ ਪੁੱਤਰ ਅਤੇ ਇੱਕ ਪੁੱਤਰੀ ਹਨ। ਸੈਣੀ ਭਵਨ ਦੇ ਪ੍ਰਬੰਧਕ ਸ਼ਰਧਾਂਜਲੀ ਭੇਂਟ ਕਰਦੇ ਹਨ।

ਗੁਰੂ ਨਾਨਕ ਅਤੇ ਸਿੱਖੀ

ਗੁਰਬਖਸ਼ ਸਿੰਘ ਸੈਣੀ
ਪੰਚਕੂਲਾ

ਸਿੱਖ ਧਰਮ ਦੇ ਮੋਢੀ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸਾਢੇ ਪੰਜ ਸੋ ਸਾਲ ਪਹਿਲਾਂ ਸੁਰੂ ਕੀਤੀ ਗਈ ਅਧਿਆਤਮਕ ਮਾਰਗ 'ਤੇ ਚੱਲਣ ਵਾਲੀ ਸਾਂਝੀਵਾਲਤਾ, ਸਰਬੱਤ ਦਾ ਭਲਾ, ਆਪਸੀ ਪ੍ਰੇਮ-ਭਾਵ ਤੇ ਭਾਈਚਾਰਾ, ਮਨੁੱਖੀ ਅਧਿਕਾਰਾਂ ਦੀ ਰੱਖਿਆ, ਔਰਤ ਜਾਤੀ ਦਾ ਸਨਮਾਨ, ਮਨੁੱਖੀ ਵਿਕਾਸ ਤੇ ਕਲਿਆਣ ਦੀ ਸੇਵਾ ਦੀ ਲਹਿਰ ਭਗਤੀ ਦਾ ਸਰੋਤ ਬਣ ਕੇ ਉੱਭਰੀ ਅਤੇ ਥੋੜ੍ਹੇ ਹੀ ਸਮੇਂ ਅੰਦਰ ਬੜੀ ਤੇਜ਼ੀ ਨਾਲ ਸਾਰੇ ਵਿਸ਼ਵ ਵਿੱਚ ਫੈਲ ਗਈ। ਗੁਰੂ ਜੀ ਵਲੋਂ ਬਿਨਾਂ ਕਿਸੇ ਭਿੰਨ ਭੇਦ, ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ ਸਮੁੱਚੀ ਮਾਨਵਤਾ ਲਈ ਆਰੰਭ ਕੀਤੀ ਇਹ ਲਹਿਰ ਕਿਸੇ ਸ਼ੁਹਰਤ ਜਾਂ ਹਉਮੈ ਜਾਂ ਰਾਜਸੱਤਾ ਦੀ ਪ੍ਰਾਪਤੀ ਲਈ ਨਹੀਂ ਸੀ। ਇਹ ਸਿੱਖ ਧਰਮ ਦੀ ਫਿਲਾਸਫੀ ਹੀ ਸੀ ਜਿਸ ਨੂੰ ਪੂਰਨ ਗੁਰਸਿੱਖਾਂ ਨੇ ਅਪਣਾਇਆ ਆਤੇ ਨਿਸ਼ਕਾਮ ਸੇਵਾ ਕਰ ਕੇ ਇਨਸਾਨੀਅਤ ਦਾ ਦਿਲ ਜਿੱਤਿਆ। ਗੁਰਸਿੱਖ ਦੀ ਇਹੀ ਪਹਿਚਾਣ ਹੈ ਕਿ ਉਹ ਲੋਕ ਭਲਾਈ ਤੇ ਸਮੁੱਚੀ ਮਾਨਵਤਾ ਦੇ ਕਲਿਆਣ ਲਈ ਬਿਨਾਂ ਕਿਸੇ ਲੋਭ ਲਾਲਚ ਦੇ ਫੋਕੀ ਸ਼ੁਹਰਤ ਤੇ ਵਡਿਆਈ ਲਈ ਕੰਮ ਨਹੀਂ ਕਰਦਾ। ਉਹ ਤਾਂ ਇਸ ਕਾਰਜ ਲਈ ਆਪਣਾ ਸਭ ਕੁੱਝ ਨਿਛਾਵਰ ਕਰ ਦੇਣ ਲਈ ਅਤੇ ਜ਼ਬਰ-ਜ਼ੁਲਮ ਦੇ ਵਿਰੁੱਧ ਤੇ ਮਨੁੱਖੀ ਹਿਤਾਂ ਦੀ ਰਾਖੀ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਦੇ 24 ਸਾਲਾਂ ਵਿੱਚ ਚਾਰ ਉਦਾਸੀਆਂ ਦੌਰਾਨ 39000 ਕਿਲੋਮੀਟਰ ਪੈਦਲ ਸਫਰ ਕੀਤਾ ਤੇ ਉਪਦੇਸ਼ ਦਿੱਤਾ। ਉਹ ਸਾਰਾ ਭਾਰਤ, ਅਜੋਕਾ ਪਾਕਿਸਤਾਨ ਤੇ ਬੰਗਲਾ ਦੇਸ਼, ਅਫਗਾਨਿਸਤਾਨ, ਨੇਪਾਲ, ਸਿੱਕਮ, ਭੂਟਾਨ, ਤਿੱਬਤ, ਇਰਾਨ, ਇਰਾਕ, ਮੰਗੋਲੀਆ, ਤੁਰਕੀ, ਸਾਉਦੀ ਅਰਬ, ਰੂਸ, ਇਟਲੀ, ਸ਼੍ਰੀ ਲੰਕਾ, ਬਰਮਾ, ਅਤੇ ਚੀਨ ਆਦਿ ਦੇਸ਼ਾਂ ਵਿੱਚ ਜਿੱਥੇ ਜਿੱਥੇ ਵੀ ਪ੍ਰਚਾਰ ਕਰਦੇ ਗਏ, ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਮਿਲਦੇ ਹਨ। ਇਨ੍ਹਾਂ ਸਾਰੀਆਂ ਥਾਵਾਂ 'ਤੇ ਨਾਨਕ ਨਾਮ ਲੇਵਾ ਸੰਗਤਾਂ ਵਲੋਂ ਬਣਾਏ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ। ਇਸ ਸਮੇਂ ਵਿਸ਼ਵ ਵਿਚਲੇ 185 ਦੇਸ਼ਾਂ ਵਿੱਚ ਗੁਰਦੁਆਰੇ ਤੇ ਸਿੱਖ ਸਿਧਾਂਤਾਂ ਦੇ ਪ੍ਰਚਾਰ ਕੇਂਦਰ ਸਥਾਪਿਤ ਹਨ, ਜਿੱਥੇ ਅਸਮਾਨ ਨੂੰ ਛੂੰਹਦੇ ਤੇ ਝੂਲਦੇ ਕੇਸਰੀ ਨਿਸ਼ਾਨ ਸਾਹਿਬ ਸ਼ਰਧਾਲੂਆਂ ਦਾ ਦੂਰ ਤੋਂ ਹੀ ਮਾਰਗ-ਦਰਸ਼ਕ ਬਣਦੇ ਹਨ ਅਤੇ ਸਿੱਖੀ -ਸਿਧਾਂਤਾਂ ਦੀ ਸਿੱਖਿਆ ਪ੍ਰਦਾਨ ਕਰਦੇ ਹਨ।

ਚੀਨ ਵਿੱਚ ਤਾਂ ਗੁਰੂ ਜੀ ਦੇ ਨਾਮ 'ਤੇ ਇੱਕ ਸ਼ਹਿਰ ਜਿਸ ਦਾ ਨਾਮ ਨਾਨਕਿਆਂਗ ਹੈ ਸਥਾਪਤ ਹੈ, ਜਿਹੜਾ ਕਿ ਚੀਨ ਵਾਸੀਆਂ ਲਈ ਇੱਕ ਸਦੀਵੀ ਯਾਦਗਾਰ ਹੈ। ਆਪਣੀ ਤੀਸਰੀ ਉਦਾਸੀ ਦੋਰਾਨ ਜਦੋਂ ਗੁਰੂ ਨਾਨਕ ਜੀ 1516 ਵਿੱਚ ਨੇਪਾਲ ਪਧਾਰੇ ਸਨ ਤਾਂ ਉਸ ਵੇਲੇ ਦੇ ਰਾਜਾ ਜੈ ਜਗਤ ਮੱਲ ਨੇ ਗੁਰੁ ਜੀ ਦੀਆਂ ਸਿਖਿਆਵਾਂ ਤੇ ਪ੍ਰਵਚਨਾਂ ਤੋਂ ਪ੍ਰਭਾਵਿਤ ਹੋ ਕੇ 1600 ਏਕੜ ਜ਼ਮੀਨ ਵੀ ਭੇਂਟ ਕੀਤੀ ਸੀ, ਜਿੱਥੇ ਗੁਰੁਦੁਆਰਾ, 'ਗੁਰੂ ਨਾਨਕ ਮੱਠ' ਦਰਿਆ ਬਿਸ਼ਨੂ ਮੱਤ ਦੇ ਪੱਛਮੀ ਕੰਢੇ 'ਤੇ ਇੱਕ ਪਹਾੜੀ 'ਤੇ ਬਣਿਆਂ ਹੋਇਆ ਹੈ। ਗੁਰੂ ਨਾਨਕ ਜੀ ਨੂੰ ਤਿੱਬਤ ਵਾਸੀ 'ਨਾਨਕ ਲਾਮਾ' , ਲੰਕਾ ਨਿਵਾਸੀ 'ਨਾਨਕ ਬੁੱਧਾ' ਤੇ 'ਬੁੱਧਾ ਨਾਨਾ', ਰੂਸੀ 'ਹਿੰਦ-ਬਾਬਾ ਨਾਨਕ', ਵੀਅਤਨਾਮ, ਮੰਗੋਲੀਆ ਵਿੱਚ 'ਭੂਸਾ ਨਾਨਕ' ਵਜੋਂ ਸਤਿਕਾਰਦੇ ਹਨ। ਜਿੱਥੇ ਹਿੰਦੂ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਮੰਨਦੇ ਹਨ, ਉੱਥੇ ਮੁਸਲਮਾਨ ਵੀ ਉਨ੍ਹਾਂ ਨੂੰ ਆਪਣਾ ਪੀਰ ਕਹਿ ਕੇ ਸਤਿਕਾਰ ਕਰਦੇ ਹਨ। ਇਹ ਸਿਧਾਂਤ ਹੀ ਹਨ ਜਿਨ੍ਹਾਂ ਨੇ ਸਿੱਖਾਂ ਤੋਂ ਇਲਾਵਾ ਗੈਰਸਿੱਖਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ ਅਤੇ ਦੁਨੀਆਂ ਭਰ ਦੇ ਉੱਘੇ ਵਿਦਵਾਨਾਂ, ਬੁੱਧੀਜੀਵੀਆਂ, ਇਤਿਹਾਸਕਾਰਾਂ ਨੇ ਵੀ ਗੁਰੂ ਜੀ ਬਾਰੇ ਆਪਣੇ ਸ਼ਰਧਾ ਪੂਰਵਕ ਵਿਚਾਰ ਅਤੇ ਅਨੁਭਵ ਪੇਸ਼ ਕੀਤੇ ਹਨ। ਗੈਰ-ਸਿੱਖਾਂ ਵਲੋਂ ਪ੍ਰਸ਼ੰਸਾ ਭਰੇ ਵਿਚਾਰ ਕਰਨੇ ਹੀ ਸਿੱਖ ਧਰਮ ਦੀ ਵਡਿਆਈ ਹੈ।

ਸਿੱਖ ਧਰਮ ਦਾ ਇਹ ਅਨੋਖਾਪਣ ਤੇ ਵਿਲੱਖਣਤਾ ਹੈ ਕਿ ਇਹ ਬਹੁਤ ਹੀ ਸਿੱਧਾ-ਸਾਦਾ ਤੇ ਅਮਲੀ ਤੌਰ ਤੇ ਪ੍ਰਭੂ-ਪ੍ਰਾਪਤੀ ਦਾ ਧਾਰਮਿਕ ਮਾਰਗ ਹੈ। ਇਹ ਲਹਿਰ ਇਨਸਾਫ, ਸਚਾਈ, ਏਕਤਾ, ਲੋੜਵੰਦਾਂ ਤੇ ਦੁਖੀਆਂ ਦੀ ਸੇਵਾ, ਬੀਮਾਰਾਂ ਦਾ ਇਲਾਜ, ਊਚ-ਨੀਚ ਦੇ ਭੇਦਭਾਵ ਤੇ ਜਾਤਪਾਤ ਦੇ ਵਿਤਕਰੇ ਨੂੰ ਖਤਮ ਕਰਨ, ਭਰੂਣ-ਹੱਤਿਆ ਦੇ ਖਿਲਾਫ, ਔਰਤ ਜਾਤੀ ਦਾ ਸਨਮਾਨ ਤੇ ਬਰਾਬਰੀ, ਕਿਰਤ ਕਰਨ, ਹੱਕ ਦੀ ਕਮਾਈ ਤੇ ਸਰਬੱਤ ਦਾ ਭਲਾ ਤੇ ਵੰਡ ਕੇ ਛਕਣ ਦੀ ਪ੍ਰਤੀਕ ਹੈ। ਇਹ ਜ਼ੁਲਮ ਤੇ ਜ਼ਬਰ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਵੀ ਉਪਦੇਸ਼ ਦਿੰਦੀ ਹੈ। ਸ਼੍ਰੀ ਗੁਰੂ ਜੀ ਵਲੋਂ ਬਾਬਰ ਬਾਦਸ਼ਾਹ ਵਰਗੇ ਤਾਨਾਸ਼ਾਹ ਨੂੰ 'ਰਾਜੇ ਸੀਹ ਮੁਕਦਮ ਕੁਤੇ' ਅਤੇ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ' ਕਹਿਣਾ ਆਪਣੇ ਆਪ ਵਿੱਚ ਇੱਕ ਦਲੇਰਾਨਾ, ਅਦੁੱਤੀ ਤੇ ਵੱਖਰੀ ਮਿਸਾਲ ਹੈ।

ਸਿੱਖ ਧਰਮ ਦੀ ਇਹ ਵੀ ਵਡਿਆਈ ਹੈ ਕਿ ਇਸ ਦੇ ਪ੍ਰਚਾਰ ਅਤੇ ਪਾਸਾਰ ਦਾ ਮੁੱਖ ਸਾਧਨ ਗੁਰੂ ਉਪਦੇਸ਼ ਅਤੇ ਗੁਰਸਿੱਖਾਂ ਦੇ ਜੀਵਨ ਦਾ ਮੰਤਵ ਰਿਹਾ ਹੈ। ਇਸ ਦੇ ਪ੍ਰਚਾਰ ਲਈ ਨਾ ਕਦੇ ਜ਼ਬਰਦਸਤੀ ਧਰਮ ਪਰਿਵਰਤਨ ਹੋਇਆ ਅਤੇ ਨਾ ਹੀ ਜ਼ੋਰ ਜਬਰੀ ਤੇ ਜ਼ੁਲਮ ਨਾਲ ਧਰਮ ਤਬਦੀਲੀ ਕਰਵਾਈ ਗਈ। ਸਿੱਖ ਧਰਮ ਸਾਰੇ ਧਰਮਾਂ ਦਾ ਇੱਕੋ ਜਿਹਾ ਸਤਿਕਾਰ ਕਰਦਾ ਹੈ ਤੇ ਕੋਈ ਵੀ ਭਿੰਨ-ਭੇਦ ਨਹੀਂ ਕਰਦਾ ਅਤੇ ਸਾਰੇ ਮਨੁੱਖਾਂ ਨੂੰ ਇੱਕੋ ਜਿਹਾ ਤੇ ਬਰਾਬਰ ਦਾ ਸਮਝਦਾ

ਹੈ।

ਪ੍ਰਸਿੱਧ ਸ਼ਾਇਰ ਸਰ ਮੁਹੰਮਦ ਇਕਬਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ, 'ਹਿੰਦ ਕੇ ਇੱਕ ਮਰਦੇ-ਕਾਮਿਲ' ਕਹਿੰਦੇ ਹਨ। ਦੇਸ਼ ਦੇ ਦੂਜੇ ਰਾਸ਼ਟਰਪਤੀ ਅਤੇ ਪ੍ਰਸਿੱਧ ਦਾਰਸ਼ਨਿਕ ਡਾ. ਰਾਧਾ ਕ੍ਰਿਸ਼ਨਨ ਨੇ ਰੂਸ ਦੇ ਉੱਘੇ ਨੇਤਾ ਸਟਾਲਿਨ ਨਾਲ ਮੁਲਾਕਾਤ ਦੌਰਾਨ ਕਿਹਾ ਸੀ ਕਿ 'ਭਾਰਤ, ਅਮੀਰ ਗਰੀਬ ਦਾ ਫਾਸਲਾ ਉਸੇ ਤਰ੍ਹਾਂ ਦੂਰ ਕਰੇਗਾ ਜਿਵੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪਏ ਵੱਡੇ ਫਰਕ ਨੂੰ ਖਤਮ ਕੀਤਾ'। ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਨੇ ਗੁਰੂ ਨਾਨਕ ਨੂੰ ਵਿਸ਼ਵ ਨੂੰ ਸੱਚਾ ਤੇ ਸਹੀ ਰਸਤਾ ਵਿਖਾਉਣ ਵਾਲੀ ਸ਼ਖਸੀਅਤ ਕਿਹਾ। ਉਨ੍ਹਾਂ ਦਾ ਵਿਚਾਰ ਹੈ, " ਜਦ ਤੱਕ ਸਮਾਜਿਕ ਨਾਬਰਾਬਰੀ, ਅਸਮਾਨਤਾ, ਭਿੰਨ-ਭੇਦ, ਧਾਰਮਿਕ ਕੱਟੜਤਾ, ਫੋਕੇ ਵਹਿਮ, ਝੂਠੇ ਤੇ ਬੇਬੁਨਿਆਦ ਰਸਮੋ-ਰਿਵਾਜ ਤੇ ਉੱਪਰ ਉੱਠਣ ਦੀ ਖਾਹਿਸ਼ ਇਨਸਾਨ ਵਿੱਚ ਸਰਗਰਮ ਤੇ ਜ਼ਿੰਦਾ ਰਹਿੰਦੀ ਹੈ, ਤਦ ਤੱਕ ਵਿਸ਼ਵ ਆਸਾਨੀ ਨਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨੂੰ ਭੁੱਲ ਨਹੀ ਸਕਦਾ"।

ਸਾਬਕਾ ਰਾਸ਼ਟਰਪਤੀ ਡਾ.ਆਰ.ਕੇ. ਨਰਾਇਨਨ ਅਨੁਸਾਰ, ' ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ 'ਤੇ ਸਥਾਪਿਤ ਕੀਤਾ ਗਿਆ ਸਿੱਖ ਧਰਮ ਇਕ ਅਜਿਹਾ ਧਰਮ ਹੈ ਜਿਸ ਨੇ ਮਨੁੱਖਾਂ ਵਿੱਚੋਂ ਅਸ਼ੁੱਧਤਾ ਨੂੰ ਕੱਢ ਕੇ ਇਸ ਨੂੰ ਸਵੱਛ ਤੇ ਸਾਫ-ਸੁਥਰਾ ਬਨਾਉਣ ਲਈ ਅਤੇ ਸਮੁੱਚੀ ਮਾਨਵ ਜਾਤੀ ਵਿੱਚ ਸਾਂਝੀਵਾਲਤਾ , ਪ੍ਰੇਮ ਤੇ ਭਾਈਚਾਰੇ ਨੂੰ ਵਧਾਉਣ ਲਈ ਅਣਥੱਕ ਯਤਨ ਕੀਤੇ ਹਨ'। ਤਿੱਬਤੀ ਧਾਰਮਿਕ ਤੇ ਰਾਜਨੀਤਿਕ ਨੇਤਾ ਦਲਾਈ ਲਾਮਾ ਦਾ ਮੰਨਣਾ ਹੈ, ' ਸੰਸਾਰ ਦੇ ਮਹਾਨ ਧਾਰਮਿਕ ਨੇਤਾਵਾਂ ਦੇ ਗਗਨ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬੇਮਿਸਾਲ ਰਹਿਣ-ਸਹਿਣ, ਫਿਲਾਸਫੀ ਅਨੁਸਾਰ ਆਕਾਸ਼ ਵਿੱਚ ਚਮਕ ਦੇ ਸਿਤਾਰਿਆਂ ਵਿੱਚੋਂ ਇਕ ਹਨ'।

ਸ਼੍ਰੀ ਸੁਸ਼ੀਲ ਕੁਮਾਰ ਜੈਨ ਮੁਨੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਵਲੋਂ ਦੁਨੀਆਂ ਵਿੱਚ ਭੇਜਿਆ ਸ਼ਾਂਤੀ ਦੂਤ ਮੰਨਦੇ ਹਨ। ਡਾ. ਕੇ.ਟੀ. ਲਲਵਾਨੀ ਦਾ ਵਿਚਾਰ ਹੈ, ' ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਧਰਮ ਦਾ ਪ੍ਰਚਾਰ ਕੀਤਾ ਜਿਸ ਵਿੱਚ ਮਨੁੱਖ ਜੀਵਿਤ ਰਹਿ ਸਕਦਾ ਹੈ, ਅਜਿਹਾ ਧਰਮ ਜਿਹੜਾ ਮਨੁੱਖੀ ਜ਼ਿੰਦਗੀ ਨੂੰ ਰੋਸ਼ਨ ਕਰਦਾ ਹੈ, ...'। ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਸਿੱਖ ਸਿਧਾਂਤਾਂ ਦਾ ਅਧਿਐਨ ਕਰਨ ਉਪਰੰਤ ਲਿਖਿਆ ਕਿ ਸਿੱਖ ਗੁਰੂ ਵੱਡੇ ਦੇਸ਼ ਭਗਤ ਤੇ ਸੁਧਾਰਕ ਸਨ ਅਤੇ ਕਿਸੇ ਪ੍ਰਤਿ ਵੀ ਮੰਦਭਾਵਨਾ ਨਹੀਂ ਰਖਦੇ।

ਸਿੱਖ ਧਰਮ ਲਈ ਇਹ ਬਹੁਤ ਹੀ ਵੱਡੇ ਮਾਣ ਦੀ ਗੱਲ ਹੈ ਕਿ ਵਿਸ਼ਵਭਰ ਦੇ ਵਿਦਵਾਨਾਂ ਤੇ ਰਾਜਨੀਤਿਕ ਨੇਤਾਵਾਂ- ਸ਼੍ਰੀ ਰਾਬਿੰਦਰ ਨਾਥ ਟੈਗੋਰ, ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ, ਸਾਧੂ ਟੀ.ਐਲ. ਵਾਸਵਾਨੀ, ਮੌਲਵੀ ਗੁਲਾਮ ਅਲੀ, ਸਵਾਮੀ ਵਿਵੇਕਾਨੰਦ, ਹੁਸੈਨ ਖਾਨ, ਪਾਦਰੀ ਡਬਲਿਊ ਵਾਰਡ, ਜੇ.ਡੀ. ਕਨਿੰਘਮ, ਮੁਹੰਮਦ ਲਤੀਫ, ਓਸ਼ੋ (ਆਚਾਰੀਆ ਰਜਨੀਸ਼) ਨੇ ਸਿੱਖ ਸਿਧਾਂਤਾਂ ਦੀ ਸ਼ਲਾਘਾ ਕੀਤੀ ਹੈ। ਸ਼੍ਰੀ ਕੈਨਥ ਮਾਰਕਸ ਨੇ ਬਰਤਾਨੀਆਂ ਦੀ ਪਾਰਲੀਮੈਂਟ ਵਿੱਚ ਬੋਲਦਿਆਂ ਕਿਹਾ, ' ਸਿੱਖ ਆਪਣੇ ਗੁਰੂਆਂ ਵਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਹੋਇਆਂ ਸਾਰੀ ਦੁਨੀਆਂ ਵਿੱਚ ਵਫਾਦਾਰ, ਕਾਨੂੰਨ ਦੇ ਪਾਬੰਦ ਤੇ ਪਿਆਰ ਭਾਵਨਾ ਵਾਲੇ ਲੋਕ ਹਨ'। ਅੰਗ੍ਰੇਜ਼ ਪਾਦਰੀ ਸੀ.ਐਫ.ਐਂਡਰਿਊਜ਼ ਅਨੁਸਾਰ, ' ਅੱਤਿਆਚਾਰ ਅਤੇ ਤਸੀਹੇ ਝੱਲ ਕੇ ਸਿੱਖੀ ਨੇ ਇੱਕ ਨਵੇਂ ਪ੍ਰਕਾਰ ਦਾ ਮਾਣਜਨਕ ਸਦਾਚਾਰ ਦੁਨੀਆਂ ਨੂੰ ਸਿਖਾਇਆ ਹੈ। ਪੰਡਿਤ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਸੀ, ' ਇਮਾਨਦਾਰੀ, ਸਬਰ-ਸੰਤੋਖ, ਜ਼ਬਤ, ਬਰਦਾਸ਼ਤ ਕਰਨ ਦਾ ਮਾਦਾ, ਨੈਤਿਕ ਕਦਰਾਂ ਕੀਮਤਾਂ, ਨੇਕ ਨੀਅਤੀ, ਉੱਚਾ ਚਾਲਚਲਣ ਤੇ ਨਿਸ਼ਕਾਮ ਸੇਵਾ ਦੀ ਭਾਵਨਾ ਸਿੱਖਾਂ ਵਿੱਚ ਅਜਿਹੇ ਗੁਣ ਹਨ ਜਿਨ੍ਹਾਂ ਕਰ ਕੇ ਇਹ ਸਭ ਨੂੰ ਮਾਤ ਪਾਉਂਦੇ ਹਨ'। ਫਰਾਂਸੀਸੀ ਸੈਲਾਨੀ ਬਰੇਨ ਜੀਨ ਪਲੋਨਿਕ ਦਾ ਵਿਚਾਰ ਹੈ, ' ਸਿੱਖਾਂ ਦੇ ਬਹੁਤ ਸਾਰੇ ਗੁਣਾਂ ਵਿੱਚੋਂ ਦਿਆਨਤਦਾਰੀ, ਇਮਾਨਦਾਰੀ, ਦਲੇਰੀ, ਸੂਰਬੀਰਤਾ ਤੇ ਬਹਾਦਰੀ ਪ੍ਰਮੁੱਖ ਹਨ'।

ਸਿੱਖ ਕੌਮ ਅਤੇ ਸਿੱਖ ਧਰਮ ਬਾਰੇ ਵੱਖ ਵੱਖ ਗੈਰਸਿੱਖਾਂ, ਦਾਨਸ਼ਮੰਦਾਂ, ਇਤਿਹਾਸਕਾਰਾਂ, ਸਿਆਸਤਦਾਨਾਂ ਤੇ ਉੱਘੀਆਂ ਸ਼ਖਸੀਅਤਾਂ ਨੇ ਸਿੱਖ ਧਰਮ ਦੇ ਸਿਧਾਂਤਾਂ, ਰਸਮੋ-ਰਿਵਾਜ, ਪਹਿਰਾਵੇ, ਇਖਲਾਕ, ਰਹਿਣੀ-ਬਹਿਣੀ, ਉੱਚਾ ਚਾਲ-ਚਲਣ ਦਾ ਅਧਿਐਨ ਕਰਨ ਮਗਰੋਂ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ ਹਨ, ਜਿਹੜੇ ਕਿ ਬਹੁਤ ਹੀ ਮਹੱਤਵਪੂਰਨ ਅਤੇ ਕੀਮਤੀ ਹਨ। ਇਨ੍ਹਾਂ ਨੇ ਸਿੱਖਾਂ ਅਤੇ ਸਿੱਖੀ ਦੀ ਖੁੱਲ੍ਹੇ ਦਿਮਾਗ ਨਾਲ ਸ਼ਲਾਘਾ ਕੀਤੀ ਹੈ। ਕਿਸੇ ਗੈਰਸਿੱਖ ਵਲੋਂ ਕੀਤੀ ਗਈ ਸ਼ਲਾਘਾ ਵਿੱਚ ਵਜ਼ਨ ਤੇ ਸਚਾਈ ਹੁੰਦੀ ਹੈ। ਇਸੇ ਕਰ ਕੇ ਹਰ ਸੁਘੜਵਾਨ ਤੇ ਸੂਝ-ਬੂਝ ਵਾਲੇ ਵਿਅਕਤੀ ਦਾ ਸਿਰ ਸਿੱਖਾਂ ਦੀ ਸ਼ਾਨ-ਬਾਨ ਅਤੇ ਚੜ੍ਹਦੀ ਕਲਾ ਕਾਰਨ ਝੁਕਦਾ ਹੈ।

❋ ❋ ❋ ❋ ❋

ਰੂਹਾਨੀ ਰਮਜ਼ਾਂ

ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ
ਮਨੁੱਖ ਦੇ ਸਹਿਜ ਅਵਗੁਣ ਨਹੀਂ ਹਨ।
ਇਹ ਮਨੁੱਖ ਲਈ ਨੁਕਸਾਨਦੇਹ ਹਨ।
ਗ੍ਰਹਿਸਥ, ਜੋਸ਼, ਕਿਰਤ, ਪਿਆਰ ਤੇ ਸਵੈਮਾਨ
ਇਨ੍ਹਾਂ ਦੇ ਕ੍ਰਮਵਾਰ ਸਹਿਜ ਰੂਪ ਹਨ।
ਇਹ ਮਨੁੱਖ ਲਈ ਲਾਭਕਾਰੀ ਹਨ।

ਸੈਣੀ ਇਤਿਹਾਸ

ਸੈਣੀ ਸੁਤੰਤਰਤਾ ਸੰਗ੍ਰਾਮੀ ਸ਼ਹੀਦ

ਮਨਜੀਤ ਸਿੰਘ ਤੰਬੜ
ਪੰਜੌੜ

ਸੈਣੀ ਬਰਾਦਰੀ ਨੂੰ ਮਾਣ ਹੈ ਕਿ ਇਸ ਨੇ ਭਾਰਤ ਨੂੰ ਵਿਦੇਸ਼ੀਆਂ ਤੋਂ ਆਜ਼ਾਦ ਕਰਵਾਉਣ ਲਈ ਲਾਜਵਾਬ ਕੁਰਬਾਨੀਆਂ ਕੀਤੀਆਂ। ਕਿੰਨੇ ਜੇਲ੍ਹਾਂ ਵਿੱਚ ਉਮਰ ਕੈਦ ਭੁਗਤਦੇ ਸੜੇ, ਕਾਲੇ ਪਾਣੀ ਦੀਆਂ ਸਜ਼ਾਵਾਂ ਕੱਟੀਆਂ ਅਤੇ ਦਰਜਨਾਂ ਨੇ ਫਾਂਸੀ ਦੇ ਰੱਸੇ ਨੂੰ ਚੁੰਮਿਆ। ਇਨ੍ਹਾਂ ਵਿੱਚੋਂ ਇੱਕ ਸੀ- ਗਦਰੀ ਸ਼ਹੀਦ, ਹਰਨਾਮ ਚੰਦ (ਨਾਮਾਂ)। ਹੁਸ਼ਿਆਰਪੁਰ ਸ਼ਹਿਰ ਦੀ ਬਗਲ ਵਿੱਚ ਸਥਿਤ ਫਤਿਹਗੜ੍ਹ ਪਿੰਡ ਦੇ ਸੈਣੀ ਪਰਿਵਾਰ ਵਿੱਚ ਜਨਮੇ ਇਸ ਆਜ਼ਾਦੀ ਦੇ ਪ੍ਰਵਾਨੇ ਨੂੰ ਅੰਗ੍ਰੇਜ਼ ਸਰਕਾਰ ਨੇ ਤੀਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਫਾਂਸੀ ਦੀ ਸਜ਼ਾ ਸੁਣਾ ਕੇ 29 ਮਾਰਚ, 1917 ਨੂੰ ਸ਼ਹੀਦ ਕਰ ਦਿੱਤਾ।

ਇੱਕ ਸਾਧਾਰਨ ਕਿਸਾਨੀ ਪਰਿਵਾਰ ਦੇ ਹਰਨਾਮ ਚੰਦ ਨੇ ਵੀ ਹੋਰ ਪੰਜਾਬੀ ਨੌਜਵਾਨਾਂ ਵਾਂਗ ਵੀਹਵੀਂ ਸਦੀ ਦੇ ਆਰੰਭ ਵਿੱਚ ਵਿਦੇਸ਼ਾਂ ਵਿੱਚ ਜਾ ਕੇ ਰੋਟੀ-ਰੋਜ਼ੀ ਕਮਾਉਣ ਦਾ ਸੁਪਨਾ ਲਿਆ ਅਤੇ ਫਿਲਪਾਈਨ ਦੇਸ਼ ਦੀ ਰਾਜਧਾਨੀ ਮਨੀਲਾ ਜਾ ਪੁੱਜਾ। ਇੱਥੋਂ ਉਸ ਨੇ ਅਮਰੀਕਾ/ ਕੈਨੇਡਾ ਜਾਣਾ ਸੀ ਜਿਸ ਲਈ ਉਹ ਤਿਆਰੀ ਕਰ ਹੀ ਰਿਹਾ ਸੀ ਕਿ 1914 ਵਿੱਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਇਸ ਵਿੱਚ ਇੰਗਲੈਂਡ ਮੁੱਖ ਧਿਰ ਸੀ। ਅਮਰੀਕਾ ਵਿੱਚ ਰਹਿੰਦੇ ਪੰਜਾਬੀਆਂ ਨੇ ਇਸ ਸਮੇਂ ਨੂੰ ਆਪਣੇ ਦੇਸ਼ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਦਾ ਢੁਕਵਾਂ ਮੌਕਾ ਸਮਝਿਆ। ਇਨ੍ਹਾਂ ਨੇ ਗਦਰ ਪਾਰਟੀ ਬਣਾ ਕੇ ਆਜ਼ਾਦੀ ਦਾ ਬਿਗਲ ਵਜਾ ਦਿੱਤਾ। ਬਾਹਰਲੇ ਦੇਸ਼ਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਿਰਲੱਥ ਯੋਧਿਆਂ ਨੇ ਸਮੁੰਦਰੀ ਰਸਤੇ ਭਾਰਤ ਵੱਲ ਚਾਲੇ ਪਾ ਲਏ। ਉਨ੍ਹਾਂ ਨੂੰ ਆਸ ਸੀ ਕਿ ਦੇਸ਼ਵਾਸੀ ਆਜ਼ਾਦੀ ਦੀ ਲੜਾਈ ਵਿੱਚ ਉਨ੍ਹਾਂ ਦਾ ਤਨੋਮਨੋ ਸਾਥ ਦੇਣਗੇ। ਅਮਰੀਕਾ ਤੋਂ ਆਉਂਦੇ ਆਜ਼ਾਦੀ-ਘੁਲਾਟੀ ਮਨੀਲਾ ਵਿੱਚ ਰੁਕ ਕੇ ਆਪਣੇ ਮਿਸ਼ਨ ਲਈ ਪੰਜਾਬੀਆਂ ਨੂੰ ਤਿਆਰ ਕਰਨ ਲੱਗੇ। ਮਨੀਲਾ ਦੇ ਗੁਰਦੁਆਰੇ ਵਿੱਚ ਹੋਏ ਇਕੱਠ ਵਿੱਚ ਹਰਨਾਮ ਚੰਦ ਵੀ ਸ਼ਾਮਿਲ ਹੋਇਆ। ਨੇਤਾਵਾਂ ਦੇ ਜੋਸ਼ਭਰਪੂਰ ਭਾਸ਼ਣ ਸੁਣ ਕੇ ਉਸ ਦਾ ਖੂਨ ਖੌਲਣ ਲੱਗਾ ਅਤੇ ਉਹ ਗਦਰੀਆਂ ਨਾਲ ਭਾਰਤ ਆਉਣ ਲਈ ਤਿਆਰ ਹੋ ਗਿਆ। ਅਤਿ ਦੀਆਂ ਮੁਸ਼ਕਲਾਂ ਤੋਂ ਬਾਅਦ ਪੰਜਾਬ ਪਹੁੰਚ ਕੇ 26 ਨਵੰਬਰ, 2014 ਨੂੰ ਕਾਫੀ ਗਿਣਤੀ ਵਿੱਚ ਗਦਰੀਆਂ ਦਾ ਇਕੱਠ ਫਿਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ 'ਤੇ ਹੋਇਆ। ਇਸ ਇਕੱਠ ਵਿੱਚ ਗਦਰ ਪਾਰਟੀ ਦੇ ਪ੍ਰਮੁੱਖ ਕਰਤਾਰ ਸਿੰਘ ਸਰਾਭਾ ਤੇ ਖਜ਼ਾਨਚੀ ਪੰਡਤ ਕਾਸ਼ੀ ਰਾਮ ਦੇ ਨਾਲ ਹਰਨਾਮ ਚੰਦ ਵੀ ਸਨ। ਗਦਰੀਆਂ ਦੀ ਯੋਜਨਾ ਫਿਰੋਜ਼ਪੁਰ ਛਾਉਣੀ ਅਤੇ ਮੀਆਂ ਮੀਰ ਛਾਉਣੀ ਵਿੱਚ ਜਾ ਕੇ ਪੰਜਾਬੀ ਫੌਜੀਆਂ ਨੂੰ ਆਪਣੇ ਨਾਲ ਮਿਲਾ ਕੇ ਅੰਗਰੇਜ਼ ਵਿਰੱਧ ਹਥਿਆਰਬੰਦ ਘੋਲ ਕਰਨਾ ਸੀ। ਪਰ ਦੋਵੇਂ ਪਾਸਿਆਂ ਤੋਂ ਸੁਨੇਹੇ ਪ੍ਰਾਪਤ ਹੋਏ ਕਿ ਇਸ ਵਿੱਚ ਸਫ਼ਲਤਾ ਨਹੀਂ ਮਿਲੀ। ਇਸ ਲਈ 27 ਨਵੰਬਰ ਨੂੰ ਕਾਫੀ ਗਿਣਤੀ ਵਿੱਚ ਗਦਰੀ ਲੁਧਿਆਣਾ ਤੇ ਮੋਗਾ ਜਾਣ ਲਈ ਰੇਲਗੱਡੀ 'ਤੇ ਚੜ੍ਹ ਗਏ। ਇਨ੍ਹਾਂ ਵਿੱਚੋਂ 18-20 ਗੱਡੀ ਚੜ੍ਹਨੋ ਰਹਿ ਗਏ ਜਿਨ੍ਹਾਂ ਵਿੱਚ ਹਰਨਾਮ ਚੰਦ ਵੀ ਸੀ।

ਇਨ੍ਹਾਂ ਨੇ ਮੋਗਾ ਜਾਣ ਲਈ ਤਿੰਨ-ਚਾਰ ਟਾਂਗੇ ਕਿਰਾਏ 'ਤੇ ਕਰ ਲਏ। ਰਸਤੇ ਵਿੱਚ ਨਹਿਰ ਦੇ ਮਿਸਰੀਵਾਲੇ ਪੁਲ 'ਤੇ ਪੁਲਿਸ ਕਪਤਾਨ ਦੇ ਆਉਣ ਕਾਰਨ ਪੁਲਿਸ ਅਤੇ ਲੋਕਾਂ ਦਾ ਭਾਰੀ ਇਕੱਠ ਸੀ। ਇੱਥੇ ਇਲਾਕੇ ਦੇ ਸਾਰੇ ਠਾਣੇਦਾਰ, ਜੈਲਦਾਰ ਤੇ ਲੰਬੜਦਾਰ ਵੀ ਆਏ ਹੋਏ ਸਨ। ਇਸ ਕਾਰਨ ਪੁਲਿਸ ਨੇ ਟਾਂਗਿਆਂ ਨੂੰ ਰੋਕ ਲਿਆ ਅਤੇ ਸਵਾਰੀਆਂ ਦੀ ਤਲਾਸ਼ੀ ਹੋਣ ਲੱਗੀ। ਇਸ ਕਾਰਵਾਈ ਦੌਰਾਨ ਇੱਕ ਠਾਣੇਦਾਰ ਨੇ ਰੋਹਬ ਜਮਾਉਣ ਲਈ ਮਨੀਲਾ ਤੋਂ ਆਏ ਹੋਏ ਰਹਿਮਤ ਅਲੀ ਸ਼ਾਹ ਵਜੀਦ ਕੇ ਦੇ ਥੱਪੜ ਮਾਰ ਦਿੱਤਾ। ਇਸ ਨਾਲ ਗਦਰੀ ਭੜਕ ਪਏ ਅਤੇ ਉਨ੍ਹਾਂ ਨੇ ਉਸ ਠਾਣੇਦਾਰ ਤੇ ਇੱਕ ਜ਼ੈਲਦਾਰ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਸਾਰੇ ਹਫੜਾ ਦਫੜੀ ਫੈਲ ਗਈ। ਇਸ ਰੌਲੇ ਰੱਪੇ ਵਿੱਚ ਕਈ ਗਦਰੀ ਸਮੇਤ ਹਰਨਾਮ ਚੰਦ ਲੋਕਾਂ ਵਿੱਚ ਹੀ ਮਿਲ ਕੇ ਦੌੜਨ ਵਿੱਚ ਕਾਮਯਾਬ ਹੋ ਗਏ ਪਰ ਜਿਹੜੇ ਨਹਿਰ ਪਾਸ ਝੱਲ ਵਿੱਚ ਲੁਕ ਗਏ ਉਹ ਫੜੇ ਗਏ ਜਾਂ ਮਾਰੇ ਗਏ। ਇਸ ਘਟਨਾ ਕਾਰਨ ਹਰਨਾਮ ਚੰਦ ਦੇ ਗ੍ਰਿਫਤਾਰੀ ਵਾਰੰਟ ਕੱਢ ਦਿੱਤੇ ਗਏ।

ਇਸ ਦੌਰਾਨ ਹੀ ਹਰਨਾਮ ਚੰਦ ਨੇ ਆਪਣੇ ਪਿੰਡ ਦੇ ਗਦਰੀਆਂ ਸੁਰਜਣ ਸਿੰਘ, ਬਾਬੂ ਰਾਮ ਤੇ ਫਜ਼ਲਦੀਨ ਨਾਲ ਮਿਲ ਕੇ ਮੰਡੀ ਰਿਆਸਤ (ਹਿਮਾਚਲ ਪ੍ਰਦੇਸ਼) ਦੇ ਰਾਜੇ ਖਿਲਾਫ ਵਿਦਰੋਹ ਦੀ ਯੋਜਨਾ ਬਣਾਈ। ਉਨ੍ਹਾਂ ਨੇ ਮੰਡੀ ਦੇ ਰਾਜੇ ਦੇ ਭਤੀਜੇ ਠਾਕੁਰ ਜਵਾਹਰ ਸਿੰਘ ਨੂੰ ਗਦਰ ਪਾਰਟੀ ਨਾਲ ਜੋੜਨ ਵਿੱਚ ਸਫਲਤਾ ਹਾਸਲ ਕਰ ਲਈ ਪਰ ਵਿਦਰੋਹ ਭੜਕਾਉਣ ਵਿੱਚ ਅਸਫਲ ਰਹੇ। ਇਸ ਕਾਰਨ ਪੁਲਿਸ ਹਰਨਾਮ ਚੰਦ ਤੇ ਸਾਥੀਆਂ ਦੇ ਪਿੱਛੇ ਪੈ ਗਈ। ਆਖਿਰ 29 ਸਤੰਬਰ, 1916 ਨੂੰ ਹਰਨਾਮ ਚੰਦ ਨੂੰ ਹੁਸ਼ਿਆਰਪੁਰ ਤੋਂ ਗ੍ਰਿਫਤਾਰ ਕਰ ਲਿਆ। ਉਨ੍ਹਾਂ 'ਤੇ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਮੁਕੱਦਮਾ ਚੱਲਿਆ ਅਤੇ ਤੀਜੇ ਲਾਹੌਰ ਸਾਜਿਸ਼ ਕੇਸ ਵਿੱਚ 5 ਜਨਵਰੀ 1917 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਅਤੇ ਤਿੰਨ ਹੋਰ ਸਾਥੀਆਂ- ਬਲਵੰਤ ਸਿੰਘ ਖੁਰਦਪੁਰ, ਡਾ. ਰੂੜ੍ਹ ਸਿੰਘ ਸੰਗੋਵਾਲ ਤੇ ਹਾਫਜ਼ ਅਫਦੁੱਲਾ ਨਾਲ ਸ਼ਹੀਦ ਕਰ

ਬਾਕੀ ਪੰਨਾ 24 'ਤੇ.....

ਸੈਨੀ ਇਤਿਹਾਸ

ਭੇਦਭਰੀ ਚਿੱਠੀ, ਜਿਸ ਨੇ ਰਾਜ ਪਲਟਾ ਕਰ ਦਿੱਤਾ

ਦੇਵਿੰਦਰ ਸਿੰਘ ਜਟਾਣਾ
ਰੂਪਨਗਰ

ਇਹ ਸੀ 'ਜ਼ਿਨੋਵੇ ਚਿੱਠੀ' ਜੋ ਲੰਡਨ ਦੀ ਅਖਬਾਰ, 'ਡੇਲੀ ਮੇਲ' ਵਿੱਚ ਅਕਤੂਬਰ, 1924 ਵਿੱਚ ਛਪੀ। ਇਸ ਤੋਂ ਚਾਰ ਦਿਨ ਬਾਅਦ ਇੰਗਲੈਂਡ ਵਿੱਚ ਆਮ ਚੋਣਾ ਹੋਣੀਆਂ ਸਨ। ਇਸ ਚਿੱਠੀ ਨੇ ਦੇਸ਼ ਵਿੱਚ ਅਜਿਹੀ ਭਰਮਾਊ ਸਥਿਤੀ ਪੈਦਾ ਕੀਤੀ ਕਿ ਇੱਕ ਲੋਕਹਿਤੂ ਰਾਜਨੀਤਿਕ ਪਾਰਟੀ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਲੋਕਾਂ ਦਾ ਭਰੋਸਾ ਬਹਾਲ ਕਰਨ ਵਿੱਚ ਨਾਕਾਮਯਾਬ ਰਹੀ ਅਤੇ ਚੋਣ ਹਾਰ ਗਈ। ਇਹ ਲਿਖਤ 10 ਅਕਤੂਬਰ, 1924 ਨੂੰ ਇੰਗਲੈਂਡ ਦੇ ਵਿਦੇਸ਼ ਵਿਭਾਗ ਵਿੱਚ ਪ੍ਰਾਪਤ ਹੋਈ ਅਤੇ ਸ਼ੱਕੀ ਹੋਣ ਦੇ ਬਾਵਜੂਦ ਅਖਬਾਰ ਵਿੱਚ ਛਪਵਾ ਦਿੱਤੀ ਗਈ। ਇਹ ਪੱਤਰ ਮਾਸਕੋ ਵਿੱਚ ਕਮਿਉਨਿਸਟ ਇੰਟਰਨੈਸ਼ਨਲ ਦੇ ਮੁਖੀ ਗ੍ਰਿਗਰੀ ਜ਼ਿਨੋਵੇ ਨੇ ਇੰਗਲੈਂਡ ਦੀ ਕਮਿਉਨਿਸਟ ਪਾਰਟੀ ਨੂੰ ਲਿਖਿਆ ਹੋਇਆ ਸੀ। ਗ੍ਰਿਗਰੀ ਜ਼ਿਨੋਵੇ ਨੇ ਦੋ ਦਿਨ ਬਾਅਦ ਇਹ ਪੱਤਰ ਲਿਖਣ ਤੋਂ ਇਨਕਾਰ ਕਰਦਿਆਂ ਦੱਸਿਆ ਕਿ ਇਸ 'ਤੇ ਉਸ ਦੇ ਦਸਤਖਤ ਜਾਹਲੀ ਹਨ ਅਤੇ ਉਹ ਲਿਖੀ ਹੋਈ ਮਿਤੀ 15 ਸਤੰਬਰ ਨੂੰ ਦਫਤਰੋਂ ਛੁੱਟੀ 'ਤੇ ਸੀ ਉਸ ਨੇ ਇਸ ਪੱਤਰ 'ਤੇ ਲਿਖੇ ਦਫਤਰ ਦੇ ਨਾਮ ਨੂੰ ਵੀ ਗਲਤ ਦੱਸਿਆ। ਸੋਵੀਅਤ ਸਰਕਾਰ ਅਤੇ ਰੂਸ ਦੀ ਕਮਿਉਨਿਸਟ ਪਾਰਟੀ ਨੇ ਵੀ ਇਸ ਪੱਤਰ ਨੂੰ ਜਾਹਲੀ ਮੰਨਿਆ ਅਤੇ ਦਸੰਬਰ 1924 ਵਿੱਚ ਸਪਸ਼ਟੀਕਰਨ ਜਾਰੀ ਕੀਤਾ। ਪਰ ਉਦੋਂ ਤੱਕ ਇਹ ਪੱਤਰ ਆਪਣਾ ਕੰਮ ਕਰ ਚੁੱਕਿਆ ਸੀ। ਇਸ ਪੱਤਰ ਵਿੱਚ ਇੰਗਲੈਂਡ ਵਿਚਲੇ ਮਜ਼ਦੂਰਾਂ ਨੂੰ ਲਿਖਿਆ ਗਿਆ ਸੀ ਕਿ ਉਹ ਆਪਣੇ ਦੇਸ਼ ਵਿੱਚ ਕਾਮਿਆਂ ਦੀ ਕ੍ਰਾਂਤੀ ਲਿਆਉਣ ਲਈ ਕੰਮ ਕਰਨ। ਇਸ ਮਸ਼ਵਰੇ ਨੂੰ ਇੰਗਲੈਂਡ ਵਿੱਚ ਗੜਬੜੀ ਫੈਲਾਉਣ ਅਤੇ ਦਖਲਅੰਦਾਜ਼ੀ ਕਰਨ ਦਾ ਪ੍ਰਚਾਰ ਕਰ ਕੇ ਲਿਬਰਲ ਤੇ ਕੰਜ਼ਰਵੇਟਿਵ ਪਾਰਟੀਆਂ ਦੇ ਨੇਤਾਵਾਂ ਨੇ ਸੋਵੀਅਤ ਪੱਖੀ ਲੇਬਰ ਪਾਰਟੀ ਵਿਰੁੱਧ ਭੜਕਾਇਆ। ਇਸ ਨਾਲ ਲੋਕਾਂ ਵਿੱਚ ਦਹਿਸ਼ਤ ਪੈਦਾ ਹੋ ਗਈ ਅਤੇ ਉਨ੍ਹਾਂ ਨੇ ਲੇਬਰ ਪਾਰਟੀ ਵਿਰੁੱਧ ਵੋਟਾਂ ਪਾਈਆਂ।

ਇਸ ਸਮੇਂ ਪਹਿਲੀ ਸੰਸਾਰ ਜੰਗ ਦੇ ਬੁਰੇ ਪ੍ਰਭਾਵਾਂ ਨਾਲ ਝੰਬਿਆ ਇੰਗਲੈਂਡ ਅਜੇ ਸੰਭਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਦੇਸ਼ ਵਿੱਚ ਸਰਮਾਇਦਾਰੀ ਪ੍ਰਬੰਧ ਭਾਰੂ ਸੀ। ਦੂਜੇ ਪਾਸੇ ਰੂਸ ਵਿੱਚ ਕਾਮਾ ਕ੍ਰਾਂਤੀ ਨਾਲ ਉਥਲ-ਪੁਥਲ ਚੱਲ ਰਹੀ ਸੀ। ਉੱਥੇ ਕਮਿਉਨਿਸਟ ਸਰਕਾਰ ਬਣ ਚੁੱਕੀ ਸੀ। ਇਸ ਕਾਰਨ ਇੰਗਲੈਂਡ ਅਤੇ ਸੋਵੀਅਤ ਰੂਸ ਵਿੱਚ ਖਿੱਚੋਤਾਣ ਚੱਲ ਰਹੀ ਸੀ। ਇੰਗਲੈਂਡ ਵਿੱਚ 22 ਜਨਵਰੀ, 1924 ਨੂੰ ਲੇਬਰ ਪਾਰਟੀ ਦੀ ਘੱਟ-ਗਿਣਤੀ ਸਰਕਾਰ ਹੋਂਦ ਵਿੱਚ ਆਈ ਅਤੇ ਰੈਮਜ਼ੇ ਮੈਕਡੋਨਲਡ ਪ੍ਰਧਾਨ ਮੰਤਰੀ ਬਣੇ। ਇਸ ਸਰਕਾਰ ਨੇ ਫਰਬਰੀ 1924 ਵਿੱਚ ਸੋਵੀਅਤ ਯੂਨੀਅਨ ਨੂੰ ਮਾਨਤਾ ਦੇ ਦਿੱਤੀ ਅਤੇ ਉਸ ਦੇਸ਼ ਨੂੰ ਆਰਥਿਕ ਸਹਾਇਤਾ ਦੇਣ ਦਾ ਫੈਸਲਾ ਵੀ ਕਰ ਲਿਆ। ਇਸ ਤੋਂ ਇਲਾਵਾ ਲੇਬਰ ਸਰਕਾਰ ਨੇ 8 ਅਗਸਤ 1924 ਨੂੰ ਸੋਵੀਅਤ ਯੂਨੀਅਨ ਨਾਲ ਵਪਾਰਿਕ ਸਮਝੌਤਾ ਵੀ ਕਰ ਲਿਆ ਜਿਸ ਦਾ ਵਿਰੋਧੀ ਪਾਰਟੀਆਂ ਨੇ ਪਾਰਲੀਮੈਂਟ ਵਿੱਚ ਡਟ ਕੇ ਵਿਰੋਧ ਕੀਤਾ। ਇਸ ਕਾਰਨ ਲੇਬਰ ਸਰਕਾਰ ਪਾਰਲੀਮੈਂਟ ਵਿੱਚ ਅਵਿਸ਼ਵਾਸ ਦਾ ਮਤਾ ਹਾਰ ਗਈ। ਇਸ ਲਈ ਪ੍ਰਧਾਨ ਮੰਤਰੀ ਨੇ ਦੇਸ਼ ਦੇ ਬਾਦਸ਼ਾਹ ਜਾਰਜ ਪੰਜਵੇਂ ਨੂੰ ਪਾਰਲੀਮੈਂਟ ਭੰਗ ਕਰਨ ਤੇ ਨਵੀਆਂ ਚੋਣਾ ਕਰਵਾਉਣ ਲਈ ਬੇਨਤੀ ਕਰ ਦਿੱਤੀ। ਇਸ ਚੋਣ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਨੇ ਸਰਕਾਰ ਬਣਾਈ ਜਿਸ ਨੇ ਤੁਰੰਤ ਐਂਗਲੋ-ਸੋਵੀਅਤ ਵਪਾਰਕ ਸਮਝੌਤਾ ਰੱਦ ਕਰ ਦਿੱਤਾ।

ਇਸ ਨਵੀਂ ਸਰਕਾਰ ਨੇ ਲੋਕਾਂ ਦੀ ਮੰਗ ਅਧੀਨ ਗ੍ਰਿਗਰੀ ਪੱਤਰ ਦੀ ਸਚਾਈ ਜਾਨਣ ਲਈ ਆਪਣੇ ਦੇਸ਼ ਦੀ ਸੁਰੱਖਿਆ ਸੇਵਾ ਦੀ ਮਿਲਟਰੀ ਇੰਟੈਲੀਜੈਂਸ (MI5) ਤੋਂ ਪੜਤਾਲ ਕਰਵਾਈ ਜਿਸ ਨੇ ਇਸ ਨੂੰ ਜਾਹਲੀ ਪਾਇਆ ਪਰ ਇਹ ਰਿਪੋਰਟ ਜਾਰੀ ਨਹੀਂ ਕੀਤੀ ਗਈ। ਲੇਬਰ ਪਾਰਟੀ ਦੇ ਵਾਰ ਵਾਰ ਜ਼ੋਰ ਪਾਉਣ 'ਤੇ ਵੀ ਸਰਕਾਰ ਨੇ ਪੱਤਰ ਬਾਰੇ ਕੋਈ ਕਾਰਵਾਈ ਨਹੀਂ ਕੀਤੀ। ਸੰਨ 1967 ਵਿੱਚ ਬ੍ਰਿਟਿਸ਼ ਅਖਬਾਰ 'ਦ ਸੰਡੇ ਟਾਇਮਿਜ਼' ਦੇ ਤਿੰਨ ਪੱਤਰਕਾਰਾਂ ਨੇ ਖੋਜ ਕਰਕੇ ਦੱਸਿਆ ਕਿ ਇਹ ਪੱਤਰ ਲੰਡਨ ਤੋਂ ਆਈਆਂ ਹਦਾਇਤਾਂ 'ਤੇ ਜਰਮਨ ਦੀ ਰਾਜਧਾਨੀ ਬਰਲਿਨ ਵਿੱਚ ਅਲੈਕਸਿਸ ਬੈਲੇਗਰੇਡ ਨੇ ਲਿਖਿਆ ਸੀ। ਇਹ ਵਿਅਕਤੀ ਜਰਮਨ ਸਰਕਾਰ ਦਾ ਏਜੰਟ ਸੀ ਅਤੇ ਇਸ ਨੇ ਦੂਜੀ ਸੰਸਾਰ ਜੰਗ ਸਮੇਂ ਰੂਸ ਦੀ ਜਾਸੂਸੀ ਕੀਤੀ ਸੀ। ਉਹ ਇੰਗਲੈਂਡ ਦੀ ਸੀਕਰਿਟ ਇੰਟੈਲੀਜੈਂਸ ਸਰਵਿਸ ਨਾਲ ਵੀ ਕੰਮ ਕਰਦਾ ਸੀ। ਉਸ ਨੇ ਗ੍ਰਿਗਰੀ ਜ਼ਿਨੋਵੇ ਦੇ ਹਸਤਾਖਰਾਂ ਦੀ ਨਕਲ ਕਰਨ ਲਈ ਬਾਲਸ਼ਵਿਕ ਦਸਤਾਵੇਜ਼ਾਂ ਦੀ ਘੋਖ ਕੀਤੀ ਸੀ। ਉਸ ਨੂੰ ਬਾਅਦ ਵਿੱਚ ਸੋਵੀਅਤ ਸਰਕਾਰ ਨੇ ਮੌਤ ਦੀ ਸਜ਼ਾ ਸੁਣਾਈ ਸੀ। ਸੰਨ 2017 ਵਿੱਚ ਬ੍ਰਿਟਿਸ਼ ਸਰਕਾਰ ਨੇ ਇਸ ਪੱਤਰ ਬਾਰੇ ਚੱਲ ਰਹੀ ਘੋਖ ਪੜਤਾਲ ਵਾਲੀ ਫਾਈਲ ਗੁੰਮ ਹੋ ਜਾਣ ਦਾ ਐਲਾਨ ਕਰ ਦਿੱਤਾ। ਸੰਨ 2018 ਵਿੱਚ ਲੇਖਕ ਬੈਨਟ ਨੇ ਪੁਸਤਕ, 'ਜ਼ਿਨੋਵੇ ਲੈਟਰ-ਦ ਕੰਸਪਰੇਸੀ ਦੈਟ ਨੈਵਰ ਡਾਈਸ' ਲਿਖ ਕੇ ਇਸ ਪੱਤਰ ਨੂੰ ਇਤਿਹਾਸਕ ਸ਼ੱਕੀ ਐਲਾਨ ਕਰ ਦਿੱਤਾ।

❋ ❋ ❋ ❋ ❋

ਅੱਜ ਨੂੰ ਜਿਉਣ ਦਾ ਯਤਨ ਕਰੋ।
ਬੀਤੇ ਲਈ ਝੂਰਨ ਅਤੇ ਭਵਿੱਖ ਲਈ ਭੱਜੇ ਫਿਰਨ ਨਾਲ ਅਸੀਂ ਅੱਜ ਦਾ ਆਨੰਦ ਨਹੀਂ ਮਾਣ ਸਕਦੇ।

ਗੋਦੜੀ ਦਾ ਹੀਰਾ- ਕਮਲਪ੍ਰੀਤ ਸੈਣੀ

ਕੁਦਰਤ ਕੁੱਝ ਮਨੁੱਖਾਂ ਨੂੰ ਅਜਿਹੇ ਗੁਣ ਬਖਸ਼ਦੀ ਹੈ ਜੋ ਦੂਜਿਆਂ ਨਾਲੋਂ ਨਿਵੇਕਲੇ ਤੇ ਵਿਲੱਖਣ ਹੁੰਦੇ ਹਨ। ਅਜਿਹੇ ਮਨੁੱਖ ਬਿਨਾਂ ਕਿਸੇ ਦਿਖਾਵੇ ਤੇ ਲਾਲਚ ਤੋਂ ਸਮਾਜ ਦੀ ਸੇਵਾ ਕਰਦੇ ਹਨ। ਇਨ੍ਹਾਂ ਵਿੱਚੋ ਰਸੂਖਵਾਨ ਤਾਂ ਸਮਾਜ ਦੀਆਂ ਨਜ਼ਰਾਂ ਵਿੱਚ ਆ ਜਾਂਦੇ ਹਨ ਪਰ ਸਾਧਨਹੀਨ ਚੁੱਪਚਪੀਤੇ ਹੀ

ਕਾਰਜਸ਼ੀਲ ਰਹਿੰਦੇ ਹਨ। ਅਜਿਹਾ ਇੱਕ ਨੌਜਵਾਨ ਹੈ- ਕਮਲਪ੍ਰੀਤ ਸੈਣੀ। ਰੂਪਨਗਰ ਜ਼ਿਲ੍ਹੇ ਦੇ ਪਿਛੜੇ ਇਲਾਕੇ ਨੰਗਲ ਤੋਂ ਕੁੱਝ ਹੀ ਦੂਰੀ 'ਤੇ ਸਥਿਤ ਪਿੰਡ ਗੋਹਲਣੀ ਦੇ ਗਰੀਬ ਸੈਣੀ ਪਰਿਵਾਰ ਵਿੱਚ ਸ. ਜਗਤ ਸਿੰਘ ਤੇ ਸ਼੍ਰੀਮਤੀ ਸਵਿੱਤਰੀ ਦੇਵੀ ਦੇ ਘਰ ਜਨਮਿਆਂ ਇਹ 32 ਸਾਲ ਦਾ ਨੌਜਵਾਨ ਕਿਸ਼੍ਰਮਈ ਗੁਣਾਂ ਦਾ ਧਾਰਨੀ ਹੈ। ਕਿਸੇ ਦਾ ਜਾਣੂ ਵਿਅਕਤੀ ਦਰਿਆ, ਨਹਿਰ ਜਾਂ ਖੂਹ ਵਿੱਚ ਡੁੱਬ ਗਿਆ ਹੋਵੇ ਤਾਂ ਇਲਾਕੇ ਦੇ ਲੋਕ ਇਸ ਨੌਜਵਾਨ ਦੇ ਘਰ ਪੁੱਜ ਜਾਂਦੇ ਹਨ। ਕਿਸੇ ਨੂੰ ਜ਼ਹਿਰੀਲਾ ਸੱਪ ਡੰਗ ਮਾਰ ਦੇਵੇ ਤਾਂ ਕਮਲਪ੍ਰੀਤ ਉਸ ਨੂੰ ਬਚਾਉਣ ਲਈ ਤੁਰੰਤ ਮੌਕੇ 'ਤੇ ਬਹੁੜਦਾ ਹੈ। ਉਹ ਹੁਣ ਤੱਕ ਸੈਕੜੇ ਲਾਸ਼ਾਂ ਡੂੰਘੇ ਪਾਣੀ ਵਿਚੋਂ ਕੱਢ ਕੇ ਵਾਰਸਾਂ ਦੇ ਹਵਾਲੇ ਕਰ ਚੁੱਕਾ ਹੈ। ਖਾਸ ਗੱਲ ਇਹ ਹੈ ਕਿ ਆਪਣੀਆਂ ਲੱਤਾਂ ਤੇ ਬਾਹਾਂ ਨੂੰ ਰੱਸੇ ਨਾਲ ਬੰਨ੍ਹ ਕੇ ਪਾਣੀ ਵਿੱਚ ਕੁੱਦ ਜਾਂਦਾ ਹੈ। ਉਹ ਦਰਜਣਾ ਹੀ ਲੋਕਾਂ ਨੂੰ ਆਪਣੀ ਜਾਨ ਜੋਖਮ ਵਿੱਚ ਪਾ ਕੇ ਪਾਣੀ ਵਿੱਚ ਡੁੱਬਣ ਤੋਂ ਬਚਾ ਚੁੱਕਾ ਹੈ। ਉਸ ਪਾਸ ਲੋੜੀਂਦੀ ਗੋਤਾਖੋਰ ਡਾਈਵਿੰਗ ਕਿੱਟ ਵੀ ਨਹੀਂ ਹੈ ਕਿਉਂਕਿ ਬਹੁਤ ਮਹਿੰਗੀ ਹੋਣ ਕਾਰਨ ਉਹ ਇਸ ਨੂੰ ਖਰੀਦਣ ਤੋਂ ਅਸਮਰਥ ਹੈ। ਉਹ ਅਤਿ ਦੇ ਜ਼ਹਿਰੀਲੇ ਸੱਪਾਂ ਨੂੰ ਆਸਾਨੀ ਨਾਲ ਪਕੜਨ ਦਾ ਵੀ ਮਾਹਿਰ ਹੈ।

ਅਜਿਹੇ ਸਾਹਸੀ ਤੇ ਗੁਣਵਾਨ ਕਮਲਪ੍ਰੀਤ ਸੈਣੀ ਦੀ ਭਾਈਚਾਰੇ ਤੇ ਸਰਕਾਰ ਨੂੰ ਕਦਰ ਪਾਉਣੀ ਚਾਹੀਦੀ ਹੈ। ਇਹ ਸਮਾਜ ਦਾ ਬਹੁਮੁੱਲਾ ਹੀਰਾ ਹੈ ਜਿਸ ਨੂੰ ਪੈਸੇ ਦੀ ਕਮੀ ਕਾਰਨ ਰੁਲਣ ਤੋਂ ਬਚਾਉਣਾ ਸਭ ਦਾ ਫਰਜ਼ ਹੈ। ਇਹ ਨੌਜਵਾਨ ਸਮਾਜ ਦੇ ਮਾਣ-ਸਤਿਕਾਰ ਦਾ ਹੱਕਦਾਰ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਕਮਲਪ੍ਰੀਤ ਸੈਣੀ ਦੇ ਸਮਾਜ ਭਲਾਈ ਕੰਮਾਂ ਦੀ ਕਦਰ ਕਰਦਿਆਂ ਹਮੇਸ਼ਾਂ ਉਸ ਦੀ ਪਿੱਠ 'ਤੇ ਹਨ। (8 ਜੁਲਾਈ, 2020 ਦੀ ਅਜੀਤ ਅਖਬਾਰ ਤੋਂ ਧੰਨਵਾਦ ਸਹਿਤ)

❊ ❊ ❊ ❊ ❊

ਸਫ਼ਲਤਾ ਲਈ ਚਤੁਰਾਈ ਦੀ ਨਹੀਂ ਸਗੋਂ ਸਵੈਭਰੋਸਾ, ਲਗਨ ਅਤੇ ਮਿਹਨਤ ਦੀ ਲੋੜ ਪੈਂਦੀ ਹੈ।

ਸ਼ਰਧਾਂਜਲੀ

• ਸੈਣੀ ਭਵਨ ਰੂਪਨਗਰ ਦੇ ਟਰੱਸਟੀ ਸ. ਰਾਜਿੰਦਰ ਸਿੰਘ ਸੈਣੀ ਵਾਸੀ, ਸ਼ੇਖਾਂ ਮੁਹੱਲਾ, ਰੂਪਨਗਰ ਦੇ ਮਾਤਾ ਜੀ ਸ਼੍ਰੀਮਤੀ ਪ੍ਰੇਮ ਕੌਰ ਸੁਪਤਨੀ ਸ਼੍ਰੀ ਸਾਧੂ ਰਾਮ 4 ਜੂਨ, 2020 ਨੂੰ ਅਕਾਲ ਚਲਾਣਾ ਕਰ ਗਏ ਹਨ।

• ਪ੍ਰਸਿੱਧ ਸਮਾਜਸੇਵੀ ਅਤੇ ਸੈਣੀ ਭਵਨ ਰੂਪਨਗਰ ਦੇ ਸਹਿਯੋਗੀ ਸ. ਦਲਜੀਤ ਸਿੰਘ ਵਾਸੀ ਜਗਜੀਤ ਨਗਰ ਰੂਪਨਗਰ ਦੇ ਮਾਤਾ ਜੀ ਧਰਮਜੀਤ ਕੌਰ ਸੁਪਤਨੀ ਸਵ. ਪ੍ਰਦੁੱਮਣ ਸਿੰਘ ਜੀ 5 ਜੁਲਾਈ, 2020 ਨੂੰ ਸਰੀਰ ਛੱਡ ਗਏ ਹਨ।

• ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਦੇ ਸਾਬਕਾ ਉੱਪ ਪ੍ਰਧਾਨ ਸ. ਬਲਬੀਰ ਸਿੰਘ ਪਾਬਲਾ ਵਾਸੀ ਮਲਹੋਤਰਾ ਕਲੋਨੀ ਰੂਪਨਗਰ 15 ਜੂਨ 2020 ਨੂੰ ਸਾਨੂੰ ਵਿਛੋੜਾ ਦੇ ਗਏ ਹਨ।

❊ ❊ ❊ ❊ ❊

ਤਿਮਾਹੀ ਦੌਰਾਨ ਵਿਤੀ ਸਹਾਇਤਾ ਕਰਨ ਵਾਲੇ ਸੱਜਣਾਂ ਦਾ ਧੰਨਵਾਦ

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਲਈ-

1. ਸ. ਬਲਦੇਵ ਸਿੰਘ ਮੁੰਦਰਾ, ਮੁੰਬਈ: 25100 ਰੁਪਏ
2. ਸ. ਸੁਖਪਾਲ ਸਿੰਘ, ਸਪੁੱਤਰ ਸ. ਇੰਦਰਜੀਤ ਸਿੰਘ, ਪਿੰਡ ਖਾਨਪੁਰ, ਜ਼ਿਲ੍ਹਾ ਰੂਪਨਗਰ; 6000 ਰੁਪਏ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਲਈ-

1.ਸ. ਹਰਨੇਕ ਸਿੰਘ ਸਪੁੱਤਰ ਸ. ਮਹਿੰਦਰ ਸਿੰਘ, # ਸੰਨ ਇਨਕਲੇਵ ਰੂਪਨਗਰ; 5100 ਰੁਪਏ
2. ਸ. ਮਨਜੀਤ ਸਿੰਘ ਸਪੁੱਤਰ ਸ. ਦਿਆਲ ਸਿੰਘ # ਰਣਜੀਤ ਐਵੇਨਿਊ, ਰੂਪਨਗਰ; 2500 ਰੁਪਏ
3. ਸ. ਦਵਿੰਦਰ ਸਿੰਘ ਸੈਣੀ # 1945 ਕੇਪ ਹਾਰਨ ਡਰਾਈਵ, ਸਨਹੌਜ਼ੇ (ਯੂ.ਐਸ.ਏ.); 5000 ਰੁਪਏ
4. ਸ. ਰਣਜੀਤ ਸਿੰਘ ਸਪੁੱਤਰ ਸ. ਬਲਦੇਵ ਸਿੰਘ ਮੁੰਦਰਾ, ਮੁੰਬਈ; 5000 ਰੁਪਏ
5. ਸ. ਬਲਦੇਵ ਸਿੰਘ ਮੁੰਦਰਾ, ਮੁੰਬਈ; 5000 ਰੁਪਏ
6. ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੂਪਨਗਰ ; 2000 ਰੁਪਏ ਖੂਨਦਾਨ ਕੈਂਪ ਲਈ

ਦਸਤਾਰ ਦੀ ਸ਼ਾਨ

ਕੈਨੇਡਾ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਸਤਾਰ ਸਜਾ ਕੇ ਮਨੁੱਖਤਾ ਦੇ ਪੁਜਾਰੀ ਸਿੱਖਾਂ ਦਾ ਧੰਨਵਾਦ ਕਰਦਾ ਹੋਇਆ।

ਕੁਦਰਤੀ ਕ੍ਰਿਸ਼ਮਾ

ਗਰਜਦਾ ਧੂੰਆਂ

ਅਮਰਜੀਤ ਸਿੰਘ
ਸੈਣੀ ਭਵਨ, ਰੂਪਨਗਰ

ਇਹ ਕੋਈ ਲੱਕੜ ਦੇ ਬਲਣ ਨਾਲ ਬਣਦਾ ਧੂੰਆਂ ਨਹੀਂ ਅਤੇ ਨਾਂ ਹੀ ਗਰਜਦਾ ਹੋਇਆ ਬੱਦਲ ਹੈ। ਇਹ ਤਾਂ ਇੱਕ ਝਰਨਾ ਹੈ ਜਿੱਥੇ ਉਚਾਈ ਤੋਂ ਡਿਗਦੇ ਪਾਣੀ ਨਾਲ ਇਸ ਦੇ ਵਾਸ਼ਪ ਧੂੰਏਂ ਵਾਂਗ ਉੱਪਰ ਉੱਠਦੇ ਹਨ ਅਤੇ ਉੱਚੀ ਆਵਾਜ਼ ਪੈਦਾ ਹੁੰਦੀ ਹੈ। ਇਸ ਲਈ ਸਥਾਨਿਕ ਲੋਕ ਆਪਣੀ ਭਾਸ਼ਾ ਵਿੱਚ ਇਸ ਨੂੰ ਮੋਸੀ-ਓ-ਤੁਨੀਆਂ (ਗਰਜਦਾ ਧੂੰਆਂ) ਆਖਦੇ ਹਨ। ਇਹ ਦੁਨੀਆਂ ਦਾ ਸਭ ਤੋਂ ਵੱਡਾ ਝਰਨਾ ਹੈ ਜੋ ਅਫਰੀਕਾ ਮਹਾਂਦੀਪ ਦੇ ਦੱਖਣੀ ਭਾਗ ਵਿੱਚ ਜਾਂਬੀਆ ਅਤੇ ਜਿੰਬਾਵੇ ਦੇਸ਼ਾਂ ਦੇ ਬਾਰਡਰ 'ਤੇ ਜੰਬੇਜ਼ੀ ਦਰਿਆ 'ਤੇ ਬਣਿਆਂ ਹੋਇਆ ਹੈ।

ਇਸ ਨੂੰ 1855 ਵਿੱਚ ਸਕਾਟਲੈਂਡ ਦੇ ਖੋਜੀ ਡੈਵਿਡ ਲਿਵਿੰਗਸਟੋਨ ਨੇ ਦੁਨੀਆਂ ਦੇ ਧਿਆਨ ਵਿੱਚ ਲਿਆਂਦਾ ਸੀ। ਇਹ ਅਤਿ ਕਠਨ ਕਾਰਜ ਕਰਨ ਵਾਲਾ ਉਹ ਪਹਿਲਾ ਯੂਰਪੀਨ ਖੋਜੀ ਸੀ। ਉਹ ਕਈ ਵਰ੍ਹਿਆਂ ਤੱਕ ਅਫਰੀਕਾ ਦੇ ਜੰਗਲਾਂ ਵਿੱਚ ਭਟਕਦਾ ਰਿਹਾ ਅਤੇ ਦੁਨੀਆਂ ਨਾਲੋਂ ਟੁੱਟਿਆ ਰਿਹਾ। ਉਸ ਸਮੇਂ ਦੱਖਣੀ ਅਫਰੀਕਾ ਵਿਸ਼ਵ ਵਿੱਚ ਵਿਗਿਆਨਕ ਤਰੱਕੀ ਤੋਂ ਅਜੇ ਕੋਹਾਂ ਦੂਰ ਸੀ। ਨਾ ਕੋਈ ਚੰਗੀ ਸੜਕ, ਨਾ ਰੇਲਵੇ ਅਤੇ ਨਾ ਸੱਭਿਅਕ ਲੋਕ। ਲਿਵਿੰਸਟੋਨ ਨੇ ਆਪਣੇ ਦੇਸ਼ ਦੀ ਮਹਾਰਾਣੀ ਦੇ ਨਾਮ 'ਤੇ ਇਸ ਝਰਨੇ ਦਾ ਨਾਮ 'ਵਿਕਟੋਰੀਆ ਫਾਲਜ਼' ਰੱਖ ਦਿੱਤਾ। ਦਰਿਆ ਦੇ ਵਿਚਕਾਰ ਬਣੇ ਜਿਸ ਟਾਪੂ 'ਤੇ ਖੜ੍ਹ ਕੇ ਉਸ ਨੇ ਇਹ ਝਰਨਾ ਦੇਖਿਆ ਉਸ ਦਾ ਨਾਮ ਲਿਵਿੰਗਸਟੋਨ ਟਾਪੂ ਰੱਖਿਆ ਗਿਆ ਹੈ। ਕੁੱਝ ਚਿੰਤਕਾਂ ਦਾ ਵਿਚਾਰ ਹੈ ਕਿ ਸੋਲਵੀਂ ਸਦੀ ਵਿੱਚ ਪੁਰਤਗਾਲ ਦੇ ਗੋਂਕਾਲੋ ਡਾ ਸਿਲਵੇਰਾ ਨੇ ਇੱਥੇ ਫੇਰੀ ਪਾਈ ਸੀ। ਇਸ ਝਰਨੇ ਨੂੰ 'ਪਲੇਸ ਆਫ ਰੇਨਬੋਅ' ਵੀ ਕਿਹਾ ਜਾਂਦਾ ਹੈ। ਇਸ ਦੀ ਕੁੱਲ ਮਿਲਾ ਕੇ ਚੌੜਾਈ 1708 ਮੀਟਰ ਤੇ ਉਚਾਈ 108 ਮੀਟਰ ਹੈ। ਇਸ ਝਰਨੇ ਦੀ ਉਚਾਈ ਅਤੇ ਚੌੜਾਈ ਕ੍ਰਮਵਾਰ ਉੱਤਰੀ ਅਮਰੀਕਾ ਦੇ ਨਿਆਗਰਾ ਝਰਨੇ ਅਤੇ ਹਾਰਸ ਸ਼ੂ ਝਰਨੇ ਤੋਂ ਦੁਗਣੀ ਹੈ।

ਇਹ ਝਰਨਾ ਆਮ ਵਾਂਗ ਉੱਚੇ ਪਹਾੜ ਤੋਂ ਡਿਗਦੇ ਪਾਣੀ ਨਾਲ ਨਹੀਂ ਬਣਿਆਂ। ਇਸ ਦਰਿਆ ਦੇ ਖੇਤਰ ਵਿੱਚ ਤਾਂ ਕੋਈ ਪਹਾੜ ਹੀ ਨਹੀਂ ਹੈ। ਇਸ ਦੁਆਲੇ ਤਾਂ ਕੇਵਲ ਸੰਘਣੇ ਦਰਖਤ ਤੇ ਰੇਤ ਦੇ ਪੱਥਰ ਦੀਆਂ ਛੋਟੀਆਂ ਛੋਟੀਆਂ ਪਹਾੜੀਆਂ ਹਨ ਅਤੇ ਦੂਰ ਦੂਰ ਤੱਕ ਪਠਾਰ ਹੈ। ਇਸ ਝਰਨੇ ਦੇ ਪਾਣੀ ਦੀਆਂ ਬੌਛਾੜਾਂ 400 ਮੀਟਰ ਤੱਕ ਉੱਚੀਆਂ ਉੱਠਦੀਆਂ ਹਨ ਜੋ ਕਿ 48 ਕਿਲੋਮੀਟਰ ਦੂਰੀ ਤੋਂ ਦਿਖਾਈ ਦਿੰਦੀਆਂ ਹਨ। ਪੂਰਨਮਾਸ਼ੀ ਦੀ ਰਾਤ ਨੂੰ ਇੱਥੇ ਚੰਦ ਦੀ ਰੇਨਬੋਅ ਦਾ ਅਦਭੁੱਤ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਬਰਸਾਤ ਦੇ ਦਿਨਾਂ ਵਿੱਚ ਪਾਣੀ ਦਾ ਛਿੜਕਾ ਇੰਨਾ ਹੁੰਦਾ ਹੈ ਕਿ ਇਸ ਖੇਤਰ ਵਿੱਚ ਪੁੱਠਾ ਮੀਹ ਪੈਂਦਾ ਲਗਦਾ ਹੈ। ਇਸ ਝਰਨੇ ਵਿੱਚ ਦਰਿਆਈ ਘੋੜੇ ਅਤੇ ਮਗਰਮੱਛ ਪਾਣੀ ਦੇ ਤੇਜ਼ ਵਹਾਅ ਨਾਲ ਉਲਟ-ਪੁਲਟ ਹੁੰਦੇ ਆਮ ਦੇਖੇ ਜਾਂਦੇ ਹਨ। ਵਿਗਿਆਨੀਆਂ ਦਾ ਵਿਚਾਰ ਹੈ ਕਿ ਇਹ ਝਰਨਾ ਲੱਖਾਂ ਸਾਲਾਂ ਪਹਿਲਾਂ ਦਰਿਆ ਦੇ ਵਹਾਅ ਸਾਹਮਣੇ ਜ਼ਮੀਨ ਦੇ ਉਚੱਾ ਉੱਠ ਜਾਣ ਕਾਰਨ ਬਣਿਆ ਹੈ। ਇਸ ਦੇ ਪਾਸ ਕੀਤੀ ਖੁਦਾਈ ਤੋਂ ਇਸ ਝਰਨੇ ਦੇ ਇਰਦ ਗਿਰਦ ਲੋਹਾ-ਯੁੱਗ ਤੇ ਪੱਥਰ-ਯੁੱਗ ਸੱਭਿਆਤਾਵਾਂ ਦੇ ਸਬੂਤ ਮਿਲੇ ਹਨ।

ਡੈਵਿਡ ਲਿਵਿੰਸਟੋਨ ਤੋਂ ਬਾਅਦ ਪੁਰਤਗਾਲੀ ਖੋਜੀ ਸੇਰਪਾ ਪਿੰਟੋ ਅਤੇ ਚੈਕੋਸਲਵਾਕੀਆ ਦੇ ਏਮਿਲ ਹੋਲੁਬ ਨੇ 1875 ਵਿੱਚ ਇੱਥੇ ਆ ਕੇ ਝਰਨੇ ਦੇ ਨਕਸ਼ੇ ਤਿਆਰ ਕੀਤੇ ਅਤੇ ਬ੍ਰਿਟਿਸ਼ ਕਲਾਕਾਰ ਥੌਮਸ ਬੇਨਜ਼ ਨੇ ਇਸ ਦੀਆਂ ਪੇਂਟਿੰਗ ਬਣਾਈਆਂ। ਇਹ ਝਰਨਾ ਅਸਲ ਵਿੱਚ 1905 ਵਿੱਚ ਇੱਕ ਸੈਲਾਨੀ ਸਥਾਨ ਬਣਿਆਂ ਜਦੋਂ ਅਫਰੀਕਾ ਦੇ ਉੱਤਰ ਵਿੱਚ ਬੇਲਗਿਆਨ ਕਾਂਗੋ ਤੋਂ ਦੱਖਣ ਵਿੱਚ ਕੇਪ ਤੱਕ ਰੇਲਗੱਡੀ ਨਾਲ ਸੰਪਰਕ ਜੁੜਿਆ। ਇਸ ਕਾਰਨ ਹੀ ਜਿੰਬੇਜ਼ੀ ਦਰਿਆ 'ਤੇ ਪੁਲ 'ਵਿਕਟੋਰੀਆ ਫਾਲਜ਼ ਬ੍ਰਿਜ' ਬਣਿਆਂ ਅਤੇ ਇਸ ਦੇ ਨਾਲ ਹੀ 'ਵਿਕਟੋਰੀਆ ਫਾਲਜ਼ ਹੋਟਲ' ਹੋਂਦ ਵਿੱਚ ਆਇਆ। ਇਸ ਨਾਲ ਹੀ ਵਿਕਟੋਰੀਆ ਸ਼ਹਿਰ ਮੁੱਖ ਸੈਲਾਨੀ ਕੇਂਦਰ ਬਣ ਗਿਆ। ਸੰਨ 1966 ਤੋਂ ਦੱਖਣੀ ਅਫਰੀਕਾ ਵਿੱਚ ਸ਼ੁਰੂ ਹੋਏ ਆਜ਼ਾਦੀ ਸੰਘਰਸ਼ ਕਾਰਨ ਸੈਲਾਨੀਆਂ ਦੀ ਗਿਣਤੀ ਬਹੁਤ ਘਟ ਗਈ ਪਰ ਸ਼ਾਂਤੀ ਹੋਣ ਉਪਰੰਤ 1980 ਤੋਂ ਇੱਥੇ ਪਾਣੀ ਦੀਆਂ ਖੇਡਾਂ ਸ਼ੁਰੂ ਹੋਣ ਨਾਲ ਸੈਲਾਨੀਆਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋਇਆ ਹੈ।

ਇਸ ਝਰਨੇ ਦੇ ਕਿਨਾਰੇ 66 ਵਰਗ ਕਿਲੋਮੀਟਰ ਤੇ 23 ਵਰਗ ਕਿਲੋਮੀਟਰ ਖੇਤਰਫਲ ਵਾਲੇ ਦੋ ਛੋਟੇ ਨੈਸ਼ਨਲ ਪਾਰਕ ਅਤੇ ਦੱਖਣੀ ਪਾਸੇ ਦਰਿਆ ਨਾਲ 40 ਕਿਲੋਮੀਟਰ ਲੰਬਾ ਵਿਸ਼ਾਲ ਜਿੰਬੇਜ਼ੀ ਨੈਸ਼ਨਲ ਪਾਰਕ ਹਨ। ਇਨ੍ਹਾਂ ਪਾਰਕਾਂ ਵਿੱਚ ਹਜ਼ਾਰਾਂ ਕਿਸਮ ਦੇ ਬਹੁਤ ਦੁਰਲਭ ਪੌਦੇ-ਦਰਖਤ ਤੇ ਸ਼ੇਰ, ਚੀਤੇ, ਹਾਥੀ, ਜੈਬਰੇ ਤੇ ਜਿਰਾਫ ਵਰਗੇ ਵੱਡੇ ਜਾਨਵਰ ਦੇਖੇ ਜਾ ਸਕਦੇ ਹਨ। ਦਰਿਆ ਵਿੱਚ ਦਰਿਆਈ ਘੋੜਿਆਂ ਤੇ ਮਗਰਮੱਛਾਂ ਦੀ ਬਹੁਤਾਤ ਹੈ। ਵਿਸ਼ਵ ਦਾ ਇਹ ਵਿਸ਼ਾਲ ਝਰਨਾ ਹੁਣ ਵਿਦੇਸ਼ੀ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਸਥਾਨ ਹੈ।

ਗਜ਼ਲ

* ਸਾਥੀ ਲੁਧਿਆਣਵੀ

ਹਰ ਇੱਕ ਪਾਸੇ ਵਧਦੀ ਜਾਂਦੀ ਦਹਿਸ਼ਤ, ਆਏ ਦਿਨ।
ਬੰਦੇ ਦੇ ਵਿੱਚ ਵਧਦੀ ਜਾਂਦੀ ਵਹਿਸ਼ਤ, ਆਏ ਦਿਨ।

ਕੀ ਹੈ ਬੁਰਾ ਤੇ ਕੀ ਹੈ ਚੰਗਾ, ਇਸ ਨੂੰ ਪਰਖਣ ਲਈ,
ਮੁਨਕਰ ਹੁੰਦੀ ਜਾਂਦੀ ਹਰ ਅਦਾਲਤ, ਆਏ ਦਿਨ।

ਹੋਰ ਭਲਾ ਦੱਸ ਕਿਹੜੇ ਦਿਨ ਕਿਆਮਤ ਆਉਣੀ ਹੈ,
ਕੁੱਝ ਲੋਕਾਂ 'ਤੇ ਢਹਿੰਦੀ ਪਈ ਕਿਆਮਤ, ਆਏ ਦਿਨ।

ਦਰਦ ਬੇਗਾਨਾ, ਆਪਣਾ ਦਰਦ ਹੀ ਹੋਇਆ ਕਰਦਾ ਸੀ,
ਹਟਦੀ ਜਾਂਦੀ ਐਹੋ ਜਿਹੀ ਰਵਾਇਤ, ਆਏ ਦਿਨ।

ਉਹ ਕਹਿੰਦੇ ਏਧਰ ਤੱਕ ਕੇ ਹੋਰ ਕਿਤੇ ਨਾ ਦੇਖ,
ਮਿਲਦੀ ਅੱਜ ਕੱਲ੍ਹ ਸੱਜਣਾ ਵਲੋਂ ਹਦਾਇਤ, ਆਏ ਦਿਨ।

ਮਹਿਰਮ ਤੋਂ ਨਹੀਂ 'ਸਾਥੀ' ਅੱਜ ਕੱਲ੍ਹ ਵਕਫ਼ਾ ਰੱਖ ਹੁੰਦਾ,
ਤੰਗ ਕਰਦੀ ਹੈ ਉਹਨਾਂ ਦੀ ਬਹੁਤ ਮੁਹੱਬਤ, ਆਏ ਦਿਨ।

(*ਅਸਲ ਨਾਂ ਮੋਹਣ ਸਿੰਘ ਨੂਰਪੁਰੀ, ਪਿੰਡ ਲਧਾਣਾ ਝਿੱਕਾ ਦੇ ਸੈਣੀ (ਬੋਲਾ) ਪਰਿਵਾਰ ਨਾਲ ਸਬੰਧਤ ਸਨ ਜੋ ਪੰਜਾਬੀ ਪੱਤ੍ਰਿਕਾ 'ਪ੍ਰੀਤ ਲੜੀ' ਵਿੱਚ ਲੜੀਵਾਰ ਕਾਲਮ ' ਸੱਤ ਸਮੁੰਦਰੋਂ ਪਾਰ' ਲਿਖਿਆ ਕਰਦੇ ਸਨ)।

❊ ❊ ❊ ❊ ❊

ਸ਼ਹੀਦ-ਏ-ਆਜ਼ਮ ਭਗਤ ਸਿੰਘ
ਦੇ ਜਨਮ ਦਿਨ 28 ਸਤੰਬਰ 'ਤੇ
ਵਿਸ਼ਵ ਦੇ ਮਿਹਨਤਕਸ਼,
ਜੁਝਾਰੂ, ਗੈਰਤਵੰਦ ਤੇ ਜਾਗਰੂਕ ਲੋਕਾਂ
ਨੂੰ ਬਹੁਤ ਬਹੁਤ ਵਧਾਈ ਹੋਵੇ।

ਜ਼ਾਲਿਮ ਫਲਕ ਨੇ ਲਾਖ ਮਿਟਾਨੇ ਕੀ ਫਿਕਰ ਕੀ,
ਹਰ ਦਿਨ ਮੇਂ ਅਕਸ ਰਹਿ ਗਿਆ,
ਤਸਵੀਰ ਰਹਿ ਗਈ।

ਬਰਾਦਰੀ ਦਾ ਮਾਣ

ਪ੍ਰਤਿਭਾਸ਼ਾਲੀ ਪੁਲਿਸ ਅਧਿਕਾਰੀ ਰਵੀ ਮੋਹਨ ਸੈਣੀ

ਮਨੁੱਖੀ ਦਿਮਾਗ ਕੁਦਰਤ ਦੀ ਲਾਜਵਾਬ ਨਿਹਮਤ ਹੈ। ਇਹ ਕ੍ਰਿਸ਼ਮੇ ਕਰਨ ਦੇ ਸਮਰੱਥ ਹੈ। ਅਜਿਹਾ ਇੱਕ ਅਚੰਭਾ ਉਦੋਂ ਵਾਪਰਿਆ ਜਦੋਂ 2001 ਵਿੱਚ ਸੋਨੀ ਟੀ.ਵੀ. 'ਤੇ ਜੂਨੀਅਰ ਕੈਟਾਗਰੀ ਅਧੀਨ 'ਕੌਨ ਬਨੇਗਾ ਕਰੋੜਪਤੀ' (ਕੇਬੀਸੀ) ਦੇ ਸ਼ੋਅ ਵਿੱਚ ਇੱਕ 14 ਸਾਲ ਦੇ ਕਿਸ਼ੋਰ ਨੇ ਕੁੱਲ 15 ਪ੍ਰਸ਼ਨਾਂ ਦੇ ਉੱਤਰ ਠੀਕ ਦੇ ਕੇ ਇੱਕ ਕਰੋੜ ਰੁਪਏ ਜਿੱਤੇ। ਇਹ ਸਨਸਨੀ ਪੈਦਾ ਕਰਨ ਵਾਲਾ ਸੀ ਰਾਜਿਸਥਾਨ ਦੇ ਸ਼ਹਿਰ ਅਲਵਰ ਦਾ ਵਾਸੀ ਰਵੀ ਮੋਹਨ ਸੈਣੀ। ਹੁਣ ਉਹ 33 ਸਾਲ ਦਾ ਨੌਜਵਾਨ ਹੋ ਕੇ ਆਈ.ਪੀ.ਐਸ. ਅਫਸਰ ਬਣ ਕੇ ਪੋਰਬੰਦਰ(ਗੁਜਰਾਤ) ਦਾ ਐਸ.ਪੀ. ਬਣ ਗਿਆ ਹੈ। ਇਕ ਨੇਵੀ ਅਫਸਰ ਦੇ ਇਸ ਪੁੱਤਰ ਨੇ ਸਕੂਲ ਪੱਧਰ ਦੀ ਸਿੱਖਿਆ ਨਵਲ ਪਬਲਿਕ ਸਕੂਲ ਵਿਸ਼ਾਖਾਪਟਨਮ(ਐਮ.ਪੀ.) ਤੋਂ ਹਾਸਲ ਕੀਤੀ। ਇਸ ਉਪਰੰਤ ਮੈਡੀਕਲ ਖੇਤਰ ਵਿੱਚ ਜਾਣ ਦੇ ਇਰਾਦੇ ਨਾਲ ਮਹਾਤਮਾ ਗਾਂਧੀ ਮੈਡੀਕਲ ਕਾਲਜ ਜੈਪੁਰ ਤੋਂ ਐਮ.ਬੀ.ਬੀ.ਐਸ. ਦੀ ਡਿਗਰੀ ਕਰਕੇ ਅਜੇ ਇੰਟਰਨਸ਼ਿਪ ਹੀ ਕਰ ਰਿਹਾ ਸੀ ਕਿ ਆਲ ਇੰਡੀਆ ਸਰਵਿਸਸ ਲਈ ਯੂ.ਪੀ.ਐਸ.ਸੀ ਦੀ ਪ੍ਰੀਖਿਆ ਵਧੀਆ ਗਰੇਡ ਵਿੱਚ ਪਾਸ ਕਰ ਲਈ। ਆਪਣੇ ਪਿਤਾ ਜੀ ਦੀ ਇੱਛਾ ਅਨੁਸਾਰ ਰਵੀ ਮੋਹਨ ਸੈਣੀ ਨੇ ਆਈ.ਪੀ.ਐਸ. ਦੀ ਚੋਣ ਕਰ ਕੇ ਪੁਲਿਸ ਅਫਸਰ ਬਣਨ ਦਾ ਫੈਸਲਾ ਕਰ ਲਿਆ। ਹਿੰਮਤੀਆਂ ਲਈ ਸਾਰਾ ਆਕਾਸ਼ ਖੁਲ੍ਹਾ ਹੈ। ਉਮੀਦ ਹੈ ਕਿ ਰਵੀ ਮੋਹਨ ਸੈਣੀ ਦੇਸ਼ ਦੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਲੋਕਾਂ ਦੀ ਸੇਵਾ ਕਰ ਕੇ ਜਸ ਖੱਟੇਗਾ ਜਿਸ ਨਾਲ ਬਰਾਦਰੀ ਦਾ ਨਾਮ ਉੱਚਾ ਹੋਵੇਗਾ। ਪਰਮਾਤਮਾ ਇਸ ਨੌਜਵਾਨ ਨੂੰ ਬਿਬੇਕ ਅਤੇ ਸਬੁੱਧੀ ਬਖਸ਼ੇ।

❊ ❊ ❊ ❊ ❊

ਰੋਟੀ ਲਈ ਮੁਸ਼ੱਕਤ ਨੂੰ ਸਲਾਮ

ਪੁਸਤਕ "ਮੇਰੇ ਸਾਹੀਂ ਵਸਿਆ-ਮੇਰਾ ਪਿੰਡ ਲਧਾਣਾ ਝਿੱਕਾ"

*ਸੇਵਾ ਸਿੰਘ ਨੂਰਪੁਰੀ (ਬੋਲ਼ਾ)

ਇੱਕ ਪੰਛੀ ਝਾਤ

ਸ.ਗੁਰਦੀਪ ਸਿੰਘ (ਸਪੁੱਤਰ ਸ.ਜਸਵੰਤ ਸਿੰਘ) ਨੇ (ਆਪਣੇ) ਪਿੰਡ ਲਧਾਣਾ ਝਿੱਕਾ (ਜ਼ਿਲ੍ਹਾ ਐਸ.ਬੀ.ਐਸ.ਨਗਰ) ਦਾ ਇਤਿਹਾਸ ਬਹੁਤ ਲੰਬੀ ਚੌੜੀ ਖੋਜ ਕਰ ਕੇ ਇਤਿਹਾਸਕ, ਵੱਖ ਵੱਖ ਸਮੇਂ ਹੋਈਆਂ ਸਮਾਜਿਕ ਤਬਦੀਲੀਆਂ ਦੇ ਨਾਲ਼ ਨਾਲ਼ ਜ਼ਮੀਨੀ ਹਕੀਕਤਾਂ ਤੇ ਨਿਜ਼ਾਮੀ ਪ੍ਰਬੰਧ ਦੀਆਂ ਲੜੀਆਂ ਨੂੰ ਜੋੜ ਕੇ ਕਲਮ ਬੰਦ ਕੀਤਾ ਹੈ। ਪਿੰਡ ਦੀ ਮੋਹੜੀ 1765 ਈਸਵੀ ਵਿੱਚ ਉਹਨਾਂ ਦੇ ਬਜ਼ੁਰਗ ਸਰਦਾਰ ਚੜ੍ਹਤ ਸਿੰਘ (ਸਪੁੱਤਰ ਜਥੇਦਾਰ ਝੰਡਾ ਸਿੰਘ ਬਣਵੈਤ) ਵਲੋਂ ਗੱਡੇ ਜਾਣ ਤੋਂ ਸ਼ੁਰੂ ਹੋ ਕੇ ਵਰਤਮਾਨ ਸਮੇਂ ਤੱਕ ਪੂਰੀ ਗਾਥਾ ਨੂੰ ਤਰਕ ਦੇ ਅਧਾਰ 'ਤੇ ਪਰਖ ਕੇ ਬਹੁਤ ਹੀ ਖੂਬਸੂਰਤ ਢੰਗ ਵਿੱਚ ਬਿਆਨਿਆਂ ਹੈ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਬੰਦਾ ਸਿੰਘ ਬਹਾਦਰ ਜੀ ਤੋਂ ਬਾਅਦ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਪਿੰਡ ਦਾ ਨਾਂ ਲੱਧੇਆਣਾ ਤੋਂ ਚੱਲ ਕੇ ਕਿੰਝ ਲਧਾਣਾ ਝਿੱਕਾ ਹੋਇਆ। ਸਰਦਾਰ ਚੜ੍ਹਤ ਸਿੰਘ ਦਾ (ਜਥੇਦਾਰ ਬਘੇਲ ਸਿੰਘ ਦੀ) ਕਰੋੜਸਿੰਘੀਆ ਮਿਸਲ ਨਾਲ ਜੁੜਨਾ ਤੇ ਮੁਖੀ ਬਣਨ ਦੀ ਰੋਚਿਕ ਵਿਥਿਆ ਵੀ ਸੁਣਾਉਂਦੀ ਹੈ। ਇਤਿਹਾਸ ਦਾ ਪ੍ਰਮਾਣ ਦੇ ਕੇ ' ਮੁਕੱਦਮ'(ਇੱਕ ਜਾਂ ਵੱਧ ਪਿੰਡਾਂ ਦਾ ਮਾਲਕ) ਦੀ ਸਹੀ ਪਰਿਭਾਸ਼ਾ ਵੀ ਦਿੰਦੀ ਹੈ। ਪਿੰਡ ਦੀ ਮਲਕੀਅਤ ਬਾਰੇ ਦੰਦ ਕਥਾ ਅਨੁਸਾਰ ਇਹ ਜ਼ਮੀਨ (ਸ.ਚੜ੍ਹਤ ਸਿੰਘ ਨੇ) ਲਧਾਣਾ (ਲੱਧੇਆਣਾ) ਉੱਚਾ ਦੇ ਮਾਲਿਕ (ਲੱਧੇ ਖਾਨ) ਤੋਂ ਲੜ ਕੇ ਖੋਹੀ ਸੀ।

ਸਰਦਾਰ ਚੜ੍ਹਤ ਸਿੰਘ ਮੁਕੱਦਮ ਦੀ ਦੂਰਦਰਸ਼ੀ ਸੋਚ ਤੇ ਨਵੇਂ ਵਸਾਏ ਪਰਿਵਾਰਾਂ (ਸੈਣੀ ਬਰਾਦਰੀ ਦੇ 11- ਬਣਵੈਤ, ਚੇੜਾ, ਗਿਰਨ, ਧਮੜੈਤ, ਬੰਗਾ, ਬੋਲ਼ਾ, ਟਾਟਲਾ, ਟਾਂਕ, ਊਗੜਾ, ਗਹੂਣੀਆਂ ਤੇ ਲਾਲੜੀਏ: ਪੰਡਤਾਂ ਦਾ 1 ਪਰਿਵਾਰ) ਨੂੰ ਬਰਾਬਰਤਾ ਦੇ ਅਧਾਰ 'ਤੇ ਜ਼ਮੀਨੀ ਹੱਕ ਦੇਣ ਦੀ ਵਿਉਂਤ ਸਲਾਹੁਣਯੋਗ ਹੈ। ਜਿੱਦਾਂ ਜਿੱਦਾਂ ਨਵੇਂ ਪਰਿਵਾਰ ਆਏ, ਸਭ ਨੂੰ ਇੱਕ ਇੱਕ ਮੁਰੱਬਾ ਜ਼ਮੀਨ ਵੰਡੀ ਗਈ। ਕਿਸੇ ਵੇਲੇ ਸ. ਚੜ੍ਹਤ ਸਿੰਘ ਮੁਕੱਦਮ ਬੰਗਾ ਤੋਂ ਲੈ ਕੇ ਪੋਸੀ ਤੱਕ ਦਾ ਦਾਹਵੇਦਾਰ ਰਿਹਾ ਤੇ ਮਾਲੀਆ ਉਗਰਾਹੁੰਦਾ ਰਿਹਾ। ਇਸ ਮਿਸਲ ਨੂੰ ਜਥੇਦਾਰ ਬਘੇਲ ਸਿੰਘ ਜਿਹਨੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਫਤਿਹ ਦਾ ਝੰਗਾ ਗੱਡਿਆ ਸੀ, ਨਾਲ਼ ਵੀ ਜੁੜੇ ਹੋਣ ਦਾ ਮਾਣ ਪ੍ਰਾਪਤ ਹੈ।

ਅੱਗੇ ਪਿੰਡ ਦੀ ਤਰੱਕੀ, ਪਿੰਡ ਦੀਆਂ ਮਹਾਨ ਸਖਸ਼ੀਅਤਾ ਬਾਰੇ ਜੋ ਜਾਣਕਾਰੀ ਬਜ਼ੁਰਗਾਂ ਤੋਂ ਮਿਲੀ ਉਸ ਨੂੰ ਲਿਖਤੀ ਰੂਪ ਦੇਣ ਦਾ ਕਾਰਜ ਲੇਖਕ ਨੇ ਮਿਹਨਤ ਕਰ ਕੇ ਇੱਕ ਦਸਤਾਵੇਜ਼ ਦੇ ਤੌਰ 'ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਣ ਦੀ ਅਣਥੱਕ ਕੋਸ਼ਿਸ਼ ਕੀਤੀ ਹੈ ਜੋ ਕਿ ਉਸ ਦੀ ਪਿੰਡ ਪ੍ਰਤਿ ਸਨੇਹ ਤੇ ਲਗਾਓ ਦੀ ਮੂੰਹ ਬੋਲਦੀ ਤਸਵੀਰ ਹੈ। ਕਿਤਾਬ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਸ਼ੁਰੂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਵਸਦੇ ਪਰਿਵਾਰਾਂ ਨੂੰ ਗੋਤਾਂ ਦੇ ਹਿਸਾਬ ਨਾਲ ਵੰਡਿਆ ਗਿਆ ਹੈ ਅਤੇ ਉਹਨਾਂ ਦੀ ਪੀੜ੍ਹੀ ਦਰ ਪੀੜ੍ਹੀ ਹੋਏ ਪੁਰਸ਼ ਵਿਅਕਤੀਆਂ ਦੇ ਨਾਮ ਦੇਣ ਦੀ ਪੂਰੀ ਵਾਹ ਲਾਈ ਹੈ। ....

ਲਧਾਣਾ ਝਿੱਕਾ ਨੂੰ ਅਜ਼ਾਦੀ ਦੀ ਲੜਾਈ ਦੌਰਾਨ ਜੈਤੋ ਦੇ ਮੋਰਚੇ ਵਿੱਚ ਵੀ ਹਿੱਸਾ ਲੈਣ ਦਾ ਮਾਣ ਹੈ। ਇਸ ਮੋਰਚੇ ਵਿੱਚ ਸਰਦਾਰ ਚੜ੍ਹਤ ਸਿੰਘ ਦੇ ਪਰਿਵਾਰ ਵਿੱਚੋਂ ਜਥੇਦਾਰ ਮੀਹਾਂ ਸਿੰਘ ਸਮੇਤ ਜਥੇਦਾਰ ਸ਼ੇਰ ਸਿੰਘ ਰਾਗੀ, ਜਥੇਦਾਰ ਜਵਾਲਾ ਸਿੰਘ, ਜਥੇਦਾਰ ਨਰੰਜਣ ਸਿੰਘ ਤੇ ਜਥੇਦਾਰ ਚੰਨਣ ਸਿੰਘ ਜੀ ਦੇ ਜਥੇ ਨੇ ਭਾਗ ਲਿਆ ਸੀ ਅਤੇ ਜੇਲ੍ਹ ਦੇ ਤਸ਼ੱਦਦ ਸਹਿ ਕੇ ਕੈਦ ਕੱਟੀ ਸੀ। ਅਜ਼ਾਦ ਹਿੰਦ ਫੌਜ ਵਿੱਚ ਸ. ਭਗਤ ਸਿੰਘ ਸਪੁੱਤਰ ਸ. ਹਜ਼ਾਰਾ ਸਿੰਘ, ਜਮਾਂਦਾਰ ਬਿਸ਼ਨ ਸਿੰਘ ਸਪੁੱਤਰ ਸ. ਠਾਕਰ ਸਿੰਘ, ਸ. ਜੋਗਿੰਦਰ ਸਿੰਘ ਸਪੁੱਤਰ ਸ. ਚੰਨਣ ਸਿੰਘ ਜੀ ਨੇ ਭਾਗ ਲਿਆ।

ਕਿਤਾਬ ਪਿੰਡ ਦੀ ਰਾਜਨੀਤੀ, ਧਾਰਮਿਕ ਰੁਚੀਆਂ ਤੇ ਬੀਤੀਆਂ ਪ੍ਰਮੁੱਖ ਘਟਨਾਵਾਂ 'ਤੇ ਵੀ ਪੰਛੀ ਝਾਤ ਪਾਉਂਦੀ ਹੈ। ਪਿੰਡ ਦੇ ਧਾਰਮਿਕ ਸਥਾਨ ਤੇ ਸਖਸ਼ੀਅਤਾਂ ਬਾਰੇ ਵੀ ਖੂਬ ਚਾਨਣਾ ਪਾਉਂਦੀ ਹੈ। ਸੱਚ ਘਰ ਸਿਵਿਆਂ ਦੀ ਵੀ ਥੋੜ੍ਹੀ ਜਿਹੀ ਜਾਣਕਾਰੀ ਮੌਜੂਦ ਹੈ।

ਇਹ ਕਿਤਾਬ ਮੈਨੂੰ ਤਾਂ ਬਹੁਤ ਜਾਣਕਾਰੀ ਭਰਪੂਰ ਤੇ ਸਾਹਿਤ ਨੂੰ ਇੱਕ ਨਵੀਂ ਵੰਨਗੀ ਦਿੰਦੀ ਮਹਿਸੂਸ ਹੁੰਦੀ ਹੈ। ਇਹ ਨਵੇਂ ਲੇਖਕਾਂ ਨੂੰ ਲੀਹ ਤੋਂ ਹਟ ਕੇ ਕੁੱਝ ਸੋਚਣ ਤੇ ਲਿਖਣ ਲਈ ਵੀ ਪ੍ਰੇਰਿਤ ਕਰਦੀ ਹੈ। ਮੈਂ ਆਪਣੇ ਵਲੋਂ ਕਿਤਾਬ ਦੀ ਕਾਮਯਾਬੀ ਲਈ ਸ਼ੁੱਭ ਕਾਮਨਾਵਾਂ ਪੇਸ਼ ਕਰਦਾ ਹਾਂ। ਰੱਬ ਲੇਖਕ ਨੂੰ ਹੋਰ ਲਿਖਣ ਦਾ ਉਤਸ਼ਾਹ ਬਖਸ਼ੇ।

* (ਪੁਸਤਕ ਦਾ ਲੇਖਕ ਇਸ ਪਿੰਡ ਦੇ ਮੋਢੀ ਸ. ਚੜ੍ਹਤ ਸਿੰਘ ਦੇ ਪੋਤੇ ਸ. ਅਤਰ ਸਿੰਘ ਦਾ ਪੜਪੋਤਾ ਹੈ। ਉਸ ਦੀ ਇਹ ਚੌਥੀ ਪੁਸਤਕ ਹੈ ਜੋ 15 ਮਾਰਚ, 2020 ਨੂੰ ਰਿਲੀਜ਼ ਕੀਤੀ ਗਈ ਹੈ।

** (ਇਸ ਲੇਖ ਦਾ ਲਿਖਾਰੀ ਪਿੰਡ ਝਿੱਕਾ ਲਧਾਣਾ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਹੈ ਅਤੇ ਬੈਂਕ ਦੇ ਚੀਫ ਮੈਨੇਜਰ ਅਹੁਦੇ ਤੋਂ ਸੇਵਾਮੁਕਤ ਹੋ ਕੇ ਅਮਰੀਕਾ ਵਸਿਆ ਹੋਇਆ ਹੈ।)

❋ ❋ ❋ ❋ ❋

ਚੜ੍ਹਦੀ ਕਲਾ ਦਾ ਮੰਤਰ ਮਨੁੱਖ ਵਿੱਚ ਸਵੈਭਰੋਸਾ ਭਰਦਾ ਹੈ। ਆਪਣੇ ਆਪ ਨੂੰ ਕਾਬੂ ਕਰਨ ਦੀ ਜਾਚ ਸਿਖਾਉਂਦਾ ਹੈ। ਅਤੇ ਸਵੈਅਨੁਸ਼ਾਸਨ ਦੀ ਪਿਰਤ ਪਾਉਂਦਾ ਹੈ।

ਬੱਚਿਆਂ ਲਈ ਕਹਾਣੀ

ਜਿੱਤ

ਮਨਜੀਤ ਕੌਰ ਅੰਬਾਲਵੀ

ਨੀਲੂ ਛੇਵੀਂ ਜਮਾਤ ਦੀ ਵਿਦਿਆਰਥਣ ਸੀ। ਉਹ ਪਿੰਡ ਦੇ ਹਾਈ ਸਕੂਲ ਵਿੱਚ ਪੜ੍ਹਦੀ ਸੀ। ਉਸ ਦੇ ਪਿਤਾ ਰਾਮ ਮੂਰਤੀ ਦੀ ਪਿੰਡ ਦੇ ਛੋਟੇ ਜਿਹੇ ਬਾਜ਼ਾਰ ਵਿੱਚ ਕਰਿਆਨੇ ਦੀ ਦੁਕਾਨ ਸੀ। ਰਾਮ ਮੂਰਤੀ ਬੜਾ ਹੀ ਈਮਾਨਦਾਰ ਤੇ ਮਿਹਨਤੀ ਸੀ। ਨੀਲੂ ਤੇ ਸੂਰਜ ਉਸ ਦੇ ਦੋ ਬੱਚੇ ਸਨ। ਬੱਚੇ ਵੀ ਬਹੁਤ ਸਾਊ ਤੇ ਸਿਆਣੇ ਸਨ। ਪਿਤਾ ਜੀ ਦਾ ਹੱਥ ਵਟਾਉਣ ਦੇ ਨਾਲ ਨਾਲ ਉਹ ਪੜ੍ਹਾਈ ਵੀ ਦਿਲ ਲਗਾ ਕੇ ਕਰਦੇ।

ਸੂਰਜ ਵੀ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਸ਼ੀਲਾ ਦੋਹਾਂ ਬੱਚਿਆਂ ਦੀ ਸਾਂਭ-ਸੰਭਾਲ ਬੜੇ ਸਲੀਕੇ ਨਾਲ ਕਰਦੀ। ਘਰ ਦਾ ਖਰਚ ਠੀਕ ਢੰਗ ਨਾਲ ਤੋਰਨ ਲਈ ਉਹ ਮਿਠਾਈ ਦੇ ਡੱਬੇ ਘਰ ਵਿੱਚ ਹੀ ਬਣਾਉਂਦੀ। ਕਦੇ ਕਦੇ ਤਾਂ ਪਾਪੜ, ਵੜੀਆਂ, ਚਿਪਸ ਅਦਿ ਵੀ ਬਣਾਉਂਦੀ, ਜੋ ਦੁਕਾਨ 'ਤੇ ਵਿਕ ਜਾਂਦੇ। ਇਸ ਤਰ੍ਹਾਂ ਉਹ ਪਤੀ ਦੀ ਮਦਦ ਵੀ ਕਰਦੀ।

ਨੀਲੂ ਦੀ ਜਮਾਤਣ ਸਾਰੂ ਵੀ ਉਸ ਦੇ ਘਰ ਤੋਂ ਥੋੜ੍ਹੀ ਦੂਰੀ 'ਤੇ ਹੀ ਰਹਿੰਦੀ ਸੀ। ਜਿੱਥੇ ਨੀਲੂ ਸਕੂਲ ਦੇ ਹਰ ਕੰਮ ਵਿੱਚ ਹਿੱਸਾ ਲੈਂਦੀ, ਸਾਰੂ ਉਨੀ ਹੀ ਪਿੱਛੇ ਪਿੱਛੇ ਰਹਿੰਦੀ। ਨੀਲੂ ਨੂੰ ਬੜਾ ਦੁੱਖ ਹੁੰਦਾ ਕਿ ਸਾਰੂ ਕਿਸੇ ਵੀ ਮੁਕਾਬਲੇ ਵਿੱਚ ਭਾਗ ਨਹੀਂ ਲੈਂਦੀ। ਉਹ ਹਰ ਪਲ ਇਹੀ ਯਤਨ ਕਰਦੀ ਕਿ ਸਾਰੂ ਵੀ ਉਸ ਵਾਂਗ ਹਿੱਸਾ ਲਿਆ ਕਰੇ। ਉਹ ਤਾਂ ਸਦਾ ਹੀ ਆਪਣੀ ਸਹੇਲੀ ਨੂੰ ਅੱਗੇ ਲਿਆਉਣ ਦਾ ਯਤਨ ਕਰਦੀ। ਪਰ ਦੂਜੇ ਪਾਸੇ ਸਾਰੂ ਤਾਂ ਕੁੱਝ ਹੋਰ ਹੀ ਸੋਚਦੀ। ਸਾਰੂ ਨੂੰ ਹੁਣ ਨੀਲੂ ਤੋਂ ਚਿੜ੍ਹ ਮਚਦੀ। ਉਹ ਨੂੰ ਲਗਦਾ ਨੀਲੂ ਹੀ ਚਾਰੇ ਪਾਸੇ ਮੱਲਾਂ ਮਾਰ ਲੈਂਦੀ ਹੈ। ਕਿਸੇ ਹੋਰ ਨੂੰ ਤਾਂ ਅੱਗੇ ਆਉਣ ਹੀ ਨਹੀਂ ਦਿੰਦੀ। ਨੀਲੂ ਨੂੰ ਲਗਦਾ ਸਾਰੂ ਦੱਬੂ ਤੇ ਕਮਜ਼ੋਰ ਨਾ ਅਖਵਾਏ, ਇਸ ਲਈ ਉਸ ਨੂੰ ਸਮਝਾਉਣਾ ਚਾਹੀਦਾ ਹੈ।

ਇਕ ਦਿਨ ਪਿੰਡ ਦੀ ਪੰਚਾਇਤ ਤੇ ਦੋ-ਤਿੰਨ ਲਾਗਲੇ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਪ੍ਰਬੰਕਾਂ ਨੇ ਸਾਈਕਲ ਦੋੜ ਕਰਾਉਣ ਦਾ ਵਿਚਾਰ ਬਣਾਇਆ। ਪਿੰਡ ਵਿੱਚ ਢੰਡੋਰਾ ਪਿਟਵਾ ਦਿੱਤਾ ਗਿਆ। ਨੀਲੂ ਸਾਈਕਲ ਦੌੜ ਬਾਰੇ ਸੁਣ ਕੇ ਬਹੁਤ ਖੁਸ਼ ਸੀ। ਉਹ ਇਸ ਕਰ ਕੇ ਕਿ ਉਸ ਨੇ ਸਾਰੂ ਨੂੰ ਵੀ ਤਿਆਰ ਕਰਨ ਦਾ ਮਨ ਬਣਾ ਲਿਆ ਸੀ। ਸਾਰੂ ਨੇ ਵੀ ਇਸ ਵਾਰ ਆਪਣੇ ਆਪ ਹੀ ਮਨ ਵਿੱਚ ਧਾਰ ਲਿਆ ਸੀ ਕਿ ਨੀਲੂ ਨੂੰ ਹਰਾਉਣਾ ਹੀ ਹਰਾਉਣਾ ਹੈ। ਉਹ ਨਹੀ ਸੀ ਚਾਹੁੰਦੀ ਕਿ ਹਰ ਵਾਰ ਨੀਲੂ ਹੀ ਜੇਤੂ ਅਖਵਾਏ।

ਸਾਰੇ ਪਿੰਡਾਂ ਦੇ ਬੱਚੇ ਬੜੇ ਹੀ ਖੁਸ਼ ਸਨ। ਰੋਜ਼ ਸਵੇਰੇ ਸ਼ਾਮ ਸਾਈਕਲ ਚਲਾਉਣ ਦੀ ਪ੍ਰੈਕਟਿਸ ਕਰਦੇ। ਸਾਰੇ ਬੱਚਿਆਂ ਵਿੱਚ ਬਹੁਤ ਜੋਸ਼ ਸੀ। ਹਰ ਕੋਈ ਚਾਹੁੰਦਾ ਸੀ ਕਿ ਉਹ ਹੀ ਜੇਤੂ ਬਣੇ। ਆਪਣੀ ਆਪਣੀ ਜਿੱਤ ਦੀ ਰੀਝ ਅਨੁਸਾਰ ਸਾਰੇ ਮਿਹਨਤ ਕਰ ਰਹੇ ਸਨ। ਬੱਚਿਆਂ ਦੇ ਨਾਲ ਨਾਲ ਮਾਪੇ ਵੀ ਬਹੁਤ ਉਤਸ਼ਾਹਿਤ ਸਨ।

ਆਖਿਰ ਸਾਈਕਲ ਦੌੜ ਦਾ ਦਿਨ ਵੀ ਆ ਗਿਆ। ਵੱਖਰੀ ਵੱਖਰੀ ਉਮਰ ਦੇ ਗਰੁੱਪਾਂ ਅਨੁਸਾਰ ਟੋਲੀਆਂ ਬਣਾ ਦਿੱਤੀਆਂ ਗਈਆਂ। ਨੀਲੂ ਤੇ ਸਾਰੂ ਬਾਰਾਂ ਸਾਲ ਦੀ ਉਮਰ ਗਰੁੱਪ ਵਿੱਚ ਸ਼ਾਮਿਲ ਸਨ। ਦੌੜ ਸ਼ੁਰੂ ਹੋਣ ਵਿੱਚ ਅੱਧਾ ਘੰਟਾ ਬਾਕੀ ਸੀ। ਸਾਰੂ ਦੀ ਸੋਚ ਦੇ ਘੋੜੇ ਸਰਪਟ ਦੌੜ ਰਹੇ ਸਨ। ਉਹ ਸੋਚਦੀ, " ਪਹਿਲੀ ਵਾਰ ਮੈਂ ਕਿਸੇ ਮੁਕਾਬਲੇ ਵਿੱਚ ਹਿੱਸਾ ਲੈ ਰਹੀ ਹਾਂ। ਕਿਤੇ ਮੈਂ ਪਿੱਛੇ ਨਾ ਰਹਿ ਜਾਵਾਂ"। ਅਗਲੇ ਹੀ ਪਲ ਉਹ ਨੂੰ ਖਿਆਲ ਆਉਂਦਾ, ਕੱਛੂ-ਕੁੰਮੇ ਤੇ ਖਰਗੋਸ਼ ਦੀ ਦੌੜ ਦਾ। ਕਿਵੇਂ ਤੇਜ਼ ਤਰਾਰ ਖਰਗੋਸ਼ ਵੀ ਪਿੱਛੇ ਰਹਿ ਗਿਆ ਸੀ ਤੇ ਹੌਲੀ ਚੱਲਣ ਵਾਲਾ ਕੱਛੂ ਜਿੱਤ ਗਿਆ ਸੀ। ਇਹ ਸੋਚ, ਉਸ ਦਾ ਹੌਸਲਾ ਵਧ ਜਾਂਦਾ।

ਆਖਰ ਸੀਟੀ ਵੱਜੀ ਤੇ ਦੌੜ ਸ਼ੁਰੂ ਹੋ ਗਈ। ਸਾਰੇ ਸਾਈਕਲ ਸਵਾਰ ਲੜਕੇ ਲੜਕੀਆਂ ਇੱਕ ਦੂਜੇ ਤੋਂ ਅੱਗੇ ਲੰਘਣ ਲਈ ਜ਼ੋਰ ਲਗਾ ਰਹੇ ਸਨ। ਸੱਤ ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਸੀ। ਆਪਣੀ ਆਪਣੀ ਯੋਗਤਾ ਅਨੁਸਾਰ ਸਾਰੇ ਜੇਤੂ-ਰੇਖਾ ਤੱਕ ਪੁੱਜਣ ਦੀ ਕੋਸ਼ਿਸ਼ ਵਿੱਚ ਸਨ। ਅਚਾਨਕ ਨੀਲੂ ਦੇ ਸਾਈਕਲ ਦਾ ਚੱਕਾ ਨਿਕਲ ਕੇ ਔਹ ਗਿਆ....ਔਹ ਗਿਆ। ਚੱਕੇ ਨਾਲ ਖਹਿੰਦਾ-ਖਹਿੰਦਾ ਸੁਨੀਲ ਦਾ ਸਾਈਕਲ ਮਸਾਂ ਮਸਾਂ ਡਿਗਣੋਂ ਬਚਿਆ। ਨੀਲੂ ਬੜੀ ਹੈਰਾਨ ਸੀ। ਸਵੇਰੇ ਸਵੇਰੇ ਹੀ ਤਾਂ ਉਸ ਨੇ ਪੂਰੀ ਸਾਈਕਲ ਚੰਗੀ ਤਰ੍ਹਾਂ ਚੈੱਕ ਕਰਾਈ ਸੀ। ਪਰ ਹੁਣ ਕੀ ਹੋ ਸਕਦਾ ਸੀ? ਉਹ ਦੇ ਖੱਬੇ ਹੱਥ ਦੀ ਕਲਾਈ ਡਿਗਣ ਨਾਲ ਟੁੱਟ ਗਈ ਸੀ। ਉਸ ਨੂੰ ਛੇਤੀ ਨਾਲ ਸ਼ਹਿਰ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਸ ਦੀ ਬਾਂਹ 'ਤੇ ਇੱਕ ਮਹੀਨੇ ਲਈ ਪਲੱਸਤਰ ਲੱਗ ਗਿਆ ਸੀ। ਉੱਧਰ ਸਾਰੂ ਜਿਤ ਗਈ ਸੀ। ਅੱਜ ਦੀ ਸਾਈਕਲ ਦੌੜ ਵਿੱਚ ਉਹ ਜੇਤੂ ਕਿਸ ਤਰ੍ਹਾਂ ਰਹੀ, ਇਹੀ ਸੋਚ-ਸੋਚ ਅੰਦਰੋਂ ਉਹ ਪਰੇਸ਼ਾਨ ਸੀ। ਸਿਰਫ ਉਹਨੂੰ ਹੀ ਪਤਾ ਸੀ, ਉਸ ਨੇ ਕੀ ਕੀਤਾ ਸੀ।

ਦੂਜੇ ਦਿਨ ਸਕੂਲ ਵਿੱਚ ਸਭ ਦੀ ਚਰਚਾ ਦਾ ਵਿਸ਼ਾ ਨੀਲੂ ਦਾ ਸਾਈਕਲ ਹੀ ਸੀ। ਸਾਰੇ ਸਾਰੂ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖ ਰਹੇ ਸਨ। ਸਾਰੂ ਦੇ ਘਰ ਦੇ ਨੇੜੇ ਹੀ ਰਹਿਣ ਵਾਲੀ ਗੀਤਾ ਤਾਂ ਇਹੀ ਸੋਚ ਰਹੀ ਸੀ ਕਿ ਸਾਰੂ ਕਿਵੇਂ ਐਨਾ ਵਧੀਆ ਸਾਈਕਲ ਚਲਾ ਸਕਦੀ ਹੈ। ਉਹ ਤਾਂ ਡਰਦੀ ਹੀ ਰਹਿੰਦੀ ਸੀ। ਪਸੀਨੇ ਨਾਲ ਭਿੱਜੀ ਰਹਿਣ ਵਾਲੂ ਸਾਰੂ ਇੰਨੀ ਨਿਡਰ, ਇਹ ਤਾਂ ਹੋ ਹੀ ਨਹੀ ਸਕਦਾ। ਗੀਤਾ ਨੂੰ ਸੋਚਦਿਆਂ ਦੇਰ ਨਾ ਲੱਗੀ ਕਿ ਹੋਵੇ ਨਾਂ ਹੋਵੇ ਸਾਰੂ ਨੇ ਨੀਲੂ ਦੇ ਸਾਈਕਲ ਦੇ ਚੱਕੇ ਦੇ ਪੇਚ ਢਿੱਲੇ ਕੀਤੇ ਹੋਣ। ਨੀਲੂ ਤਾਂ ਇੰਨੀ ਸੁਚੇਤ ਹੈ, ਸਾਈਕਲ ਨੂੰ ਹਮੇਸ਼ਾਂ ਫਿੱਟ-ਫਾਰ ਰਖਦੀ ਹੈ। ਰੇਸ ਵਾਲੇ

ਦਿਨ ਉਹ ਕਿਸ ਤਰ੍ਹਾਂ ਅਵੇਸਲੀ ਹੋ ਸਕਦੀ ਹੈ? ਸਚੁਮੱਚ ਨੀਲੂ ਦਾ ਹਾਰ ਜਾਣਾ ਸਭ ਨੂੰ ਦੁਖਦਾਈ ਲੱਗ ਰਿਹਾ ਸੀ।

ਇੱਕ ਦਿਨ ਦੀਪੂ ਨੇ ਜਮਾਤ ਵਿੱਚ ਸਾਰੂ ਤੋਂ ਪੁੱਛ ਹੀ ਲਿਆ। ਪਹਿਲਾਂ ਤਾਂ ਉਹ ਘਬਰਾਈ, ਫਿਰ ਆਪਣਾ ਕਸੂਰ ਉਸ ਨੇ ਮੰਨ ਹੀ ਲਿਆ। ਨੀਲੂ ਨੂੰ ਨੀਵਾਂ ਵਿਖਾਉਣ ਦਾ ਜਨੂੰਨ ਕਿਸ ਤਰ੍ਹਾਂ ਉਸ ਦੇ ਸਿਰ 'ਤੇ ਸਵਾਰ ਸੀ.....।

" ਤੂੰ ਇੰਨੀ ਪੱਕੀ ਸਹੇਲੀ ਹੋ ਕੇ ਵੀ ਇੰਝ ਕਿਉਂ ਕੀਤਾ? ਕੀ ਇਸ ਤਰ੍ਹਾਂ ਧੋਖੇ ਨਾਲ ਜਿੱਤੀ ਦੌੜ ਵੀ ਕੋਈ ਜਿੱਤ ਅਖਵਾਉਂਦੀ ਏ? ਤੂੰ ਇਹ ਠੀਕ ਨੀ ਕੀਤਾ ਸਾਰੂ"। ਦੀਪੂ ਅਫਸੋਸ ਜ਼ਾਹਰ ਕਰ ਰਿਹਾ ਸੀ। ਇਸ ਘਟਨਾ ਨੂੰ ਅੱਠ-ਦਸ ਦਿਨ ਬੀਤ ਗਏ ਸਨ। ਨੀਲੂ ਨੂੰ ਹਸਪਤਾਲੋਂ ਛੁੱਟੀ ਵੀ ਮਿਲ ਗਈ ਸੀ। ਪਰ ਸਾਰੂ ਉਸ ਨੂੰ ਮਿਲਣ ਨਹੀਂ ਸੀ ਗਈ। ਉਸ ਨੇ ਮਾਂ ਤੋਂ ਪੁੱਛਿਆ, " ਮਾਂ...ਮਾਂ! ਸਾਰੂ ਮੈਨੂੰ ਮਿਲਣ ਕਿਉਂ ਨਹੀਂ ਆਈ?"

" ਪਤਾ ਨੀ ਪੁੱਤਰ। ਪੜ੍ਹਾਈ ਤੋਂ ਹੀ ਵਿਹਲ ਨੀ ਮਿਲੀ ਹੋਣੀ"। ਮਾਂ ਨੇ ਗੱਲ ਨੂੰ ਛੁਪਾਂਦਿਆਂ ਆਖਿਆ। ਹੁਣ ਸਾਰੂ ਉਸ ਨੂੰ ਵੇਖਣ ਘਰ ਵੀ ਨਹੀਂ ਆਈ। ਨੀਲੂ ਦੀ ਬੇਚੈਨੀ ਵਧਦੀ ਗਈ। ਉਹੀ ਤਾਂ ਉਸ ਦੀ ਇੱਕ ਪਿਆਰੀ ਸਹੇਲੀ ਸੀ। ਉਹ ਦਿਨ-ਰਾਤ ਉਸ ਦੇ ਬਾਰੇ ਹੀ ਸੋਚਦੀ ਰਹਿੰਦੀ। ਨੀਲੂ ਨੂੰ ਸਾਰਾ ਦਿਨ ਕੱਟਣਾ ਵੀ ਔਖਾ ਔਖਾ ਲਗਦਾ। ਸਕੂਲੋਂ ਉਸ ਨੇ ਅਜੇ ਛੁੱਟੀ ਹੀ ਲੈ ਰੱਖੀ ਸੀ।

ਅੱਜ ਸਵੇਰ ਤੋਂ ਹੀ ਉਸ ਦਾ ਦਿਲ ਸਾਰੂ ਨੂੰ ਮਿਲਣ ਲਈ ਕਰ ਰਿਹਾ ਸੀ। ਛੁੱਟੀ ਹੁੰਦਿਆਂ ਹੀ ਜਦੋਂ ਗੀਤਾ ਉਸ ਕੋਲ ਆਈ ਤਾਂ ਪਤਾ ਲੱਗਾ ਕਿ ਸਾਰੂ ਨੂੰ ਤਾਂ ਬੁਖਾਰ ਆ ਰਿਹਾ ਹੈ। ਫਿਰ ਉਸ ਨੇ ਸਾਈਕਲ ਵਾਲੀ ਘਟਨਾ ਵਿੱਚ ਵੀ ਸਾਰੂ ਦਾ ਦੋਸ਼ ਦੱਸਿਆ। ਜਿਸ ਨੂੰ ਸੁਣ ਕੇ ਨੀਲੂ 'ਤੇ ਕੋਈ ਅਸਰ ਨਾ ਹੋਇਆ। ਆਪਣੀ ਮਾਂ ਨੂੰ ਦੱਸੇ ਬਗੈਰ ਹੀ ਨੀਲੂ ਸਾਰੂ ਕੋਲ ਪਹੁੰਚ ਗਈ। ਸਾਰੂ ਦੀਆਂ ਅੱਖਾਂ ਫਟੀਆਂ ਦੀਆਂ ਫਟੀਆਂ ਰਹਿ ਗਈਆਂ। ਉਹ ਸੋਚ ਵੀ ਨਹੀ ਸਕਦੀ ਸੀ ਕਿ ਨੀਲੂ ਇਸ ਤਰ੍ਹਾਂ ਆ ਜਾਵੇਗੀ। ਨੀਲੂ ਦਾ ਪਿਆਰ ਤੇ ਨਿਮਰਤਾ ਵਾਲਾ ਸੁਭਾ ਵੇਖ ਕੇ ਉਹ ਬੜੀ ਸ਼ਰਮਸਾਰ ਹੋਈ। ਉਸ ਦੀਆਂ ਅੱਖਾਂ ਛਮ-ਛਮ ਵਹਿਣ ਲੱਗੀਆਂ। ਅੱਜ ਉਸ ਨੂੰ ਅਹਿਸਾਸ ਹੋ ਰਿਹਾ ਸੀ ਕਿ ਨੀਲੂ ਕਿੰਨੀ ਵੱਡੀ ਹੈ ਤੇ ਉਹ ਕਿੰਨੀ ਛੋਟੀ....। ਉਸ ਨੂੰ ਆਪਣੀ ਘਟੀਆ ਸੋਚ 'ਤੇ ਸ਼ਰਮ ਆ ਰਹੀ ਸੀ। ਉਸ ਨੇ ਨੀਲੂ ਤੋਂ ਮੁਆਫੀ ਮੰਗੀ।

" ਪਗਲੀ ਇਹ ਕੀ ਕਰ ਰਹੀ ਹੈਂ? ਮੈਂ ਤਾਂ ਤੈਨੂੰ ਗਲਤ ਆਖਿਆ ਹੀ ਨਹੀਂ। ਉਹ ਤਾਂ ਕੋਈ ਵਕਤ ਦਾ ਫੇਰ ਹੋਏਗਾ...ਬਸ"।

" ਨਹੀਂ ਨੀਲੂ, ਅੱਜ ਤੂੰ ਹਾਰ ਕੇ ਜਿੱਤ ਗਈ ਏਂ। ਮੈਂ ਜਿੱਤ ਕੇ ਵੀ ਹਾਰ ਗਈ ਹਾਂ। ਮੈਂ ਧੋਖੇ ਨਾਲ ਤੇਰੀ ਜਿੱਤ ਆਪਣੀ ਬਣਾਉਣੀ ਚਾਹੀ"। ਇਹ ਕਹਿੰਦਿਆਂ ਸਾਰੂ ਨੇ ਰੋਂਦੇ ਰੋਂਦੇ ਨੀਲੂ ਦਾ ਹੱਥ ਫੜ ਲਿਆ ਹੁਣ ਸਾਰੂ ਦਾ ਮਨ ਮਣਾਂ-ਮੂਹੀਂ ਬੋਝ ਥੱਲਿਉਂ ਨਿਕਲ ਹਲਕਾ ਹੋ ਗਿਆ ਸੀ।

ਸੋ ਬੱਚਿਓ! ਚੰਗੇ ਦੋਸਤ, ਦੋਸਤਾਂ ਨੂੰ ਗਿਰਾਉਂਦੇ ਨਹੀਂ, ਸਗੋਂ ਉੱਚਾ ਉਠਾਉਣ ਦੀ ਕੋਸ਼ਿਸ਼ ਕਰਦੇ ਹਨ।

❊ ❊ ❊ ❊ ❊

ਗਜ਼ਲ

ਜਤਿੰਦਰ ਸਿੰਘ ਲਸਾੜਾ
ਵੈਨਕੂਵਰ (ਕੈਨੇਡਾ)

ਰੋਜ਼ ਸੂਰਜ ਦਾ ਉਗਮਣਾ, ਅਸਤਣਾ ਵੀ ਖੂਬ ਹੈ,
ਆਦਮੀ ਦਾ ਰੋਜ਼ ਮਰਨਾ, ਜੰਮਣਾ ਵੀ ਖੂਬ ਹੈ।

ਰਾਤ ਦਿਨ ਵੀ ਖੂਬ ਨੇ, ਤੇ ਖੂਬ ਨੇ ਕੁਦਰਤ ਦੇ ਰੰਗ,
ਆਦਮੀ ਦਾ ਵਾਂਗ ਮੌਸਮ, ਬਦਲਣਾ ਵੀ ਖੂਬ ਹੈ।

ਰੰਗ ਹੈ ਨਾ ਰੂਪ ਜਿਸਦਾ, ਤੇ ਕੋਈ ਆਕਾਰ ਨਾ,
ਆਦਮੀ ਦਾ ਖੁਦ ਖੁਦਾ ਨੂੰ, ਸਿਰਜਣਾ ਵੀ ਖੂਬ ਹੈ।

ਖੂਬ ਕੀਤੀ ਹੈ ਤਰੱਕੀ, ਵਧ ਰਹੇ ਹਾਂ ਰਾਤ ਦਿਨ,
ਆਦਮੀ ਦਾ ਆਦਮੀ ਲਈ ਸਿਮਟਣਾ ਵੀ ਖੂਬ ਹੈ।

ਦੋਸਤਾਂ ਲਈ ਜਾਨ ਦੇ ਦਾਹਵੇ ਕਰਨ ਪਰ ਦੋਸਤੋ,
ਦੋਸਤਾਂ ਦਾ ਦੋਸਤੀ ਨੂੰ ਪਰਖਣਾ ਵੀ ਖੂਬ ਹੈ।

ਜੀਵ ਪੰਛੀ ਰੁੱਖ, ਵਗਦੇ ਝਰਨਿਆਂ ਦਾ ਸ਼ੋਰ ਵੀ,
ਖੂਬ ਹੈ ਫੁੱਲ ਦਾ ਬਿਖਰਨਾ, ਮਹਿਕਣਾ ਵੀ ਖੂਬ ਹੈ।

❊ ❊ ❊ ❊ ❊

ਵਿਸ਼ੇਸ਼ ਸੂਚਨਾ

ਸੈਣੀ ਭਵਨ ਵਿੱਚ ਚਲਦੇ ਕਿੱਤਾ ਸਿਖਲਾਈ ਸੈਂਟਰਾਂ ਵਿੱਚ ਸਿਖ਼ਲਾਈ ਪ੍ਰਾਪਤ ਕਰ ਰਹੇ ਸਿਖਿਆਰਥੀਆਂ ਨੂੰ ਦੱਸਿਆ ਜਾਂਦਾ ਹੈ ਕਿ ਕੋਵਿਡ-19 ਤੋਂ ਬਚਾਅ ਲਈ ਤਾਲਾਬੰਦੀ ਕਾਰਨ 22 ਅਪ੍ਰੈਲ ਤੋਂ ਬੰਦ ਕਰ ਦਿੱਤੇ ਗਏ ਸਨ। ਜਿਉਂ ਹੀ ਸਰਕਾਰ ਵੱਲੋਂ ਤਾਲਾਬੰਦੀ ਹਟਾਉਣ ਦਾ ਐਲਾਨ ਕੀਤਾ ਜਾਂਧਾ ਹੈ ਕਿ ਤਾਂ ਇਹ ਸੈਂਟਰ ਤੁਰੰਤ ਚਾਲੂ ਕਰ ਦਿੱਤੇ ਜਾਣਗੇ। ਸਿੱਖਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਇਨ੍ਹਾਂ ਸੈਂਟਰਾਂ ਵਿੱਚ ਹਾਜ਼ਰੀ ਯਕੀਨੀ ਬਨਾਉਣ। ਇਨ੍ਹਾਂ ਤੋਂ ਇਲਾਵਾ ਜਿਹੜੇ ਸਿਖਿਆਰਥੀ ਨਵਾਂ ਦਾਖ਼ਲਾ ਲੈਣ ਦੇ ਚਾਹਵਾਨ ਹਨ ਉਹ ਸੈਣੀ ਭਵਨ ਵਿਖੇ ਦਫ਼ਤਰ ਵਿੱਚ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ।



NEW FIVE YEAR MEMBERS OF "SAINI SANSAR"

Ajmer Singh Dhamrait
Saini Bhawan, Rupnagar

Continued from page 25 of 36th Issue

863. **S. Pritpal Singh Saini**
127, St. No. 6, Deepak Nagar, Durg

864. **S. Varinder Singh**
Nishli Patti, Khizrabad, Distt. Mohali

865. **S. Parminder Singh Supdt.**
Model Town, Nawanshahr

866. **S. Sandeep Singh**
New Grain Market, Ropar

867. **Sh. Tara Chand Salaria Principal (Retd.)**
Rajinder Nagar, Dhaki Road, Pathankot

868. **S. Jagtar Singh Principal**
Vill. Kherabad, Distt. Ropar

869. **Smt. Manjit Kaur Principal (Retd.)**
336, Sector 80, Mohali

870. **S. Ajmer Singh Principal (Retd.)**
446, W. No. 2, Mahilpur, Hoshiarpur

871. **S. Darshanjeet Singh Principal**
2867, Sec. 38, Chandigarh

872. **S. Manmohan Singh**
698, G.Z.S. Nagar, Ropar

872. **S. Birbal Saini**
VPO Santokhgarh, Distt. Una (HP)

❊ ❊ ❊ ❊ ❊

.....ਸਫਾ 16 ਦੀ ਬਾਕੀ
ਕਰ ਦਿੱਤਾ ਗਿਆ।

ਹਰਨਾਮ ਚੰਦ ਬੀਬੀ ਰੁਕਮਣੀ ਨਾਲ ਵਿਆਹਿਆ ਹੋਇਆ ਸੀ। ਉਸ ਦਾ ਪਰਿਵਾਰ ਫਤਿਹਗੜ੍ਹ ਵਿਖੇ ਰਹਿ ਰਿਹਾ ਹੈ। ਸੈਣੀ ਬਰਾਦਰੀ ਨੂੰ ਆਪਣੇ ਇਸ ਦੇਸ਼-ਪ੍ਰੇਮੀ ਸ਼ਹੀਦ 'ਤੇ ਅੰਤਾਂ ਦਾ ਮਾਣ ਹੈ।

(ਇਸ ਲੇਖ ਦੇ ਵੇਰਵੇ 8 ਜੁਲਾਈ,2020 ਪੰਜਾਬੀ ਟ੍ਰਿਬਿਊਨ ਵਿੱਚ ਮਲਵਿੰਦਰਜੀਤ ਸਿੰਘ ਵੜੈਚ ਦੇ ਛਪੇ ਲੇਖ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਪ੍ਰਕਾਸ਼ਿਤ ਪੁਸਤਕ 'ਗਦਰ ਪਾਰਟੀ ਦਾ ਇਤਿਹਾਸ' ਵਿੱਚੋਂ ਲਏ ਗਏ ਹਨ।)

❊ ❊ ❊ ❊ ❊

New Life Members of Saini Bhawan

541. S. Harnek Singh
S/o S. Mohinder Singh.
202, Block A, Sun Enclave Tower, Rupnagar

542. S. Manjit Singh
S/o S. Dayal Singh
80, Ranjit Avenue, Rupnagar

543. S. Davinder Singh Saini
1945, Cap Harn Drive, Sanhoze, California (USA)

544. S. Ranjit Singh Mundra
S/o S. Baldev Singh Mundra
Kandiwali, Mumbai

❊ ❊ ❊ ❊ ❊

HONOUR OF IDENTITY

S. Harjit Singh Sajjan Defense Minister of Canada and S. Amar Singh Police Chief of Malaysia meeting each other

APPEAL

For Social Service

- **Become Life member of Saini Bhawan Rupnagar - Fee Rs. 2500/-**
- **Become reader of magazine "Saini Sansar" - Subscription Rs. 100/- annual**

ਗੁਲਾਮੀ ਭੋਗਦੇ ਆਜ਼ਾਦ ਲੋਕ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ

ਦੇਸ਼ ਨੂੰ ਆਜ਼ਾਦ ਹੋਇਆਂ 73 ਸਾਲ ਪੂਰੇ ਹੋ ਗਏ ਹਨ। ਹੁਣ ਤੱਕ ਵਸੋਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਹੋ ਜਾਣੀਆਂ ਚਾਹੀਦੀਆਂ ਸਨ। ਮੁਢਲੀਆਂ ਲੋੜਾਂ ਵਿੱਚ ਰੋਟੀ, ਕੱਪੜਾ, ਮਕਾਨ, ਵਿੱਦਿਆ ਅਤੇ ਸਿਹਤ ਸਹੂਲਤਾਂ ਸ਼ਾਮਲ ਹਨ। ਪਹਿਲੀਆਂ ਤਿੰਨ ਲੋੜਾਂ ਰੁਜ਼ਗਾਰ 'ਤੇ ਨਿਰਭਰ ਹਨ। ਜੇਕਰ ਸਾਰੇ ਨਾਗਰਿਕਾਂ ਕੋਲ ਰੁਜ਼ਗਾਰ ਹੋਵੇਗਾ ਤਾਂ ਉਹ ਰੋਟੀ, ਕੱਪੜਾ ਤੇ ਮਕਾਨ ਦਾ ਪ੍ਰਬੰਧ ਕਰ ਲੈਣਗੇ। ਪਰ ਇਸ ਵਿੱਚ ਵੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸਾਰੇ ਨਾਗਰਿਕਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰੇ। ਗਰੀਬਾਂ ਲਈ ਸਸਤਾ ਅਨਾਜ ਅਤੇ ਸਸਤੇ ਮਕਾਨ ਬਣਾ ਕੇ ਦੇਵੇ। ਪਰ ਨੋਟਬੰਦੀ ਅਤੇ ਹੁਣ ਮਹਾਂਮਾਰੀ ਦੌਰਾਨ ਲੱਗੇ ਲੌਕਡਾਉਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਦੇਸ਼ ਦੀ ਘੱਟੋਘੱਟ ਇੱਕ ਤਿਹਾਈ ਆਬਾਦੀ ਦੀਆਂ ਮੁਢਲੀਆਂ ਲੋੜਾਂ ਤਾਂ ਦੂਰ ਦੀ ਗੱਲ, ਮੁਸੀਬਤ ਸਮੇਂ ਕੋਈ ਉਨ੍ਹਾਂ ਦੀ ਬਾਂਹ ਫੜਨ ਵਾਲਾ ਨਹੀਂ ਹੈ। ਕਰੋੜਾਂ ਲੋਕ ਰੋਟੀ ਨੂੰ ਤਰਸਦੇ ਰਹੇ। ਸਿਰ ਤੋਂ ਛੱਤ ਖੁੱਸਣ ਕਰ ਕੇ ਹਜ਼ਾਰਾਂ ਮੀਲ ਦੂਰ ਆਪਣੇ ਪਿੰਡਾਂ ਨੂੰ ਪੈਦਲ ਹੀ ਤੁਰ ਪਏ। ਕਿਸੇ ਵੀ ਸਰਕਾਰ ਨੇ ਉਨ੍ਹਾਂ ਲਈ ਰੋਟੀ ਤੇ ਰਹਿਣ ਦਾ ਪ੍ਰਬੰਧ ਨਹੀਂ ਕੀਤਾ।

ਪਿਛਲੀ ਸਰਕਾਰ ਨੇ ਕੰਮ ਦਾ ਅਧਿਕਾਰ ਕਾਨੂੰਨ ਬਣਾ ਕੇ ਇਹ ਯਤਨ ਕੀਤਾ ਸੀ ਕਿ ਹਰੇਕ ਨਾਗਰਿਕ ਨੂੰ ਸਾਲ ਵਿੱਚ ਘੱਟੋਘੱਟ 180 ਦਿਨਾਂ ਲਈ ਰੁਜ਼ਗਾਰ ਦਿੱਤਾ ਜਾਵੇ। ਪਰ ਲੋਕ ਭਲਾਈ ਦੀਆਂ ਹੋਰ ਸਕੀਮਾਂ ਵਾਂਗ ਇਹ ਵੀ ਭ੍ਰਿਸ਼ਟਾਚਾਰ ਦੀ ਲਪੇਟ ਵਿੱਚ ਆ ਗਈ। ਵਿਸ਼ਵ ਆਰਥਿਕ ਮੰਚ ਦੀ ਤਾਜ਼ਾ ਰਿਪੋਰਟ ਅਨੁਸਾਰ ਦੇਸ਼ ਦੇ ਇੱਕ ਪ੍ਰਤੀਸ਼ਤ ਲੋਕਾਂ ਕੋਲ 70% ਆਬਾਦੀ ਨਾਲੋਂ ਚਾਰ ਗੁਣਾ ਵੱਧ ਦੌਲਤ ਹੈ। ਇਸੇ ਰਿਪੋਰਟ ਅਨੁਸਾਰ ਦੇਸ਼ ਦੇ 63 ਅਰਬਪਤੀਆਂ ਕੋਲ ਦੇਸ਼ ਦੇ ਇੱਕ ਸਾਲ ਦੇ ਬਜ਼ਟ ਤੋਂ ਵੀ ਵੱਧ ਜਾਇਦਾਦ ਹੈ। ਸੰਸਾਰ ਭੁੱਖਮਰੀ ਵੇਰਵਿਆਂ ਦੀ ਤਾਜ਼ਾ ਰਿਪੋਰਟ ਅਨੁਸਾਰ ਕੁਪੋਸ਼ਣ ਦੇ ਮਾਮਲੇ ਵਿੱਚ ਭਾਰਤ ਦਾ ਸੰਸਾਰ ਦੇ 117 ਦੇਸ਼ਾਂ ਵਿੱਚੋਂ 102ਵਾਂ ਸਥਾਨ ਹੈ। ਇਕ ਹੋਰ ਰਿਪੋਰਟ ਅਨੁਸਾਰ ਦੇਸ਼ ਦੇ ਹਰੇਕ ਦੂਜੇ ਬੱਚੇ ਨੂੰ ਸੰਤੁਲਿਤ ਭੋਜਨ ਤਾਂ ਦੂਰ, ਢਿੱਡ ਭਰ ਕੇ ਖਾਣਾ ਵੀ ਪ੍ਰਾਪਤ ਨਹੀਂ ਹੁੰਦਾ। ਸੰਸਾਰ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮਰਨ ਦਰ ਵਿੱਚ ਭਾਰਤ ਦਾ ਪਹਿਲਾ ਨੰਬਰ ਹੈ। ਇਹ ਵੇਖਣਾ ਜ਼ਰੂਰੀ ਹੈ ਕਿ ਅਜਿਹਾ ਕਿਉਂ ਹੁੰਦਾ ਹੈ?

ਦੇਸ਼ ਆਪਣੇ ਆਪ ਨੂੰ ਅਨਾਜ ਵਿੱਚ ਆਤਮਨਿਰਭਰ ਹੀ ਨਹੀਂ ਸਮਝਦਾ ਸਗੋਂ ਅਨਾਜ ਦੀ ਸਾਂਭ ਸੰਭਾਲ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਹਰੇਕ ਸਾਲ ਲੱਖਾਂ ਟੰਨ ਅਨਾਜ ਖੁਲ੍ਹੇ ਅੰਬਰ ਹੇਠ ਪਿਆ ਸੜ ਜਾਂਦਾ ਹੈ। ਦੇਸ਼ ਵਿੱਚ ਦੁੱਧ ਉਤਪਾਦਨ ਵਿੱਚ ਵੀ ਵਾਧਾ ਹੋਇਆ ਹੈ। ਸਾਡਾ ਦੇਸ਼ ਫ਼ਲ ਤੇ ਸਬਜ਼ੀਆਂ ਪੈਦਾ ਕਰਨ ਵਾਲਾ ਸੰਸਾਰ ਦਾ ਦੂਜਾ ਦੇਸ਼ ਬਣ ਗਿਆ ਹੈ। ਬਹੁਤਾਤ ਦੇ ਬਾਵਜੂਦ ਫ਼ਲ ਅਤੇ ਸਬਜ਼ੀਆਂ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ।

ਵੇਖਣਾ ਇਹ ਹੈ ਕਿ ਸਾਰਾ ਕੁੱਝ ਹੁੰਦਿਆਂ ਦੇਸ਼ ਵਿੱਚ ਭੁੱਖਮਰੀ ਕਿਉਂ ਹੈ? ਉਹ ਦੇਸ਼ ਜਿਹੜਾ ਆਪਣੇ ਆਪ ਨੂੰ ਵਿਕਸਤ ਦੇਸ਼ਾਂ ਦੀ ਕਤਾਰ ਵਿੱਚ ਖੜ੍ਹਾ ਕਰਦਾ ਹੈ ਉਸ ਨੂੰ ਆਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ। ਬਹੁਤਾਤ ਦੇ ਹੁੰਦਿਆਂ ਭੁੱਖਮਰੀ ਦਾ ਮੁੱਖ ਕਾਰਨ ਗਰੀਬੀ ਹੀ ਹੋ ਸਕਦਾ ਹੈ। ਗਰੀਬੀ ਦਾ ਮੁੱਖ ਕਾਰਨ ਰੁਜ਼ਗਾਰ ਦੇ ਵਸੀਲਿਆਂ ਦੀ ਘਾਟ ਹੈ। ਸਰਕਾਰਾਂ ਇਸ ਗੰਭੀਰ ਹੋ ਰਹੀ ਸਮੱਸਿਆ ਦਾ ਹਲ ਲੱਭਣ ਦੀ ਥਾਂ ਚੋਣਾਂ ਜਿੱਤਣ ਲਈ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀਆਂ ਹਨ। ਚੋਣਾਂ ਸਮੇਂ ਕੋਈ ਨਾ ਕੋਈ ਅਜਿਹਾ ਮੁੱਦਾ ਖੜ੍ਹਾ ਕਰ ਲਿਆ ਜਾਂਦਾ ਹੈ ਜਿਸ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਵੋਟਾਂ ਪ੍ਰਾਪਤ ਕਰ ਲਈਆਂ ਜਾਂਦੀਆਂ ਹਨ, ਪਰ ਇਹ ਨਹੀਂ ਸੋਚਿਆ ਜਾਂਦਾ ਕਿ ਗਰੀਬਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕੀਤੇ ਜਾਣ। ਸਰਕਾਰ ਨੇ ਰੁਜ਼ਗਾਰ ਦੇ ਵਸੀਲਿਆਂ ਵਿੱਚ ਵਾਧਾ ਕਰਨ ਲਈ ਵੱਡੇ ਵੱਡੇ ਸਨਅਤੀ ਘਰਾਣਿਆਂ ਨੂੰ ਕੇਵਲ ਰਿਆਇਤਾਂ ਹੀ ਨਹੀਂ ਦਿੱਤੀਆਂ ਸਗੋਂ ਉਨ੍ਹਾਂ ਦੇ ਕਰਜ਼ੇ ਵੀ ਮੁਆਫ਼ ਕਰ ਦਿੱਤੇ। ਇੰਜ ਦੇਸ਼ ਦੇ ਬਹੁਤੇ ਬੈਂਕ ਘਾਟੇ ਵਿੱਚ ਚਲੇ ਗਏ ਤੇ ਇਹ ਦੌਲਤ ਲੋਕ-ਵਰਤੋਂ ਦੀ ਥਾਂ ਕੁੱਝ ਘਰਾਣਿਆਂ ਦੇ ਕਬਜ਼ੇ ਵਿੱਚ ਆ ਗਈ। ਉਨ੍ਹਾਂ ਨੇ ਵਿਦੇਸ਼ਾਂ ਤੋਂ ਸਵੈਚਾਲਕ ਵਧੀਆ ਮਸ਼ੀਨਾਂ ਖਰੀਦ ਲਈਆਂ ਜਿਸ ਨਾਲ ਕਾਮਿਆਂ ਦੀ ਗਿਣਤੀ ਵਿੱਚ ਵਾਧਾ ਹੋਣ ਦੀ ਥਾਂ ਇਨ੍ਹਾਂ ਦੀ ਗਿਣਤੀ ਘਟ ਗਈ।

ਬਹੁਤ ਸਾਰੇ ਸਰਕਾਰੀ ਅਦਾਰੇ ਘਾਟੇ ਵਿੱਚ ਜਾ ਰਹੇ ਹਨ। ਸਰਕਾਰ ਨੇ ਇਨ੍ਹਾਂ ਵਿੱਚ ਪ੍ਰਬੰਧਕੀ ਸੁਧਾਰ ਕਰ ਕੇ ਮੁਨਾਫੇ ਵਿੱਚ ਬਦਲਣ ਦੀ ਥਾਂ ਇਨ੍ਹਾਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਹੈ। ਜਦੋਂ ਕੋਈ ਪ੍ਰਾਈਵੇਟ ਅਦਾਰਾ ਕੰਪਨੀ ਨੂੰ ਖਰੀਦੇਗਾ ਤਾਂ ਉਸ ਦਾ ਮੰਤਵ ਮੁਨਾਫਾ ਕਮਾਉਣਾ ਹੋਵੇਗਾ। ਇਸ ਲਈ ਉਹ ਕਾਮਿਆਂ ਦੀ ਗਿਣਤੀ ਘੱਟ ਕਰੇਗਾ, ਉਨ੍ਹਾਂ ਦੀਆਂ ਤਨਖਾਹਾਂ ਤੇ ਹੋਰ ਸਹੂਲਤਾਂ ਵਿੱਚ ਕਟੌਤੀ ਹੋਵੇਗੀ ਅਤੇ ਉਪਜ ਜਾਂ ਸੇਵਾ ਦੇ ਮੁੱਲ ਵਿੱਚ ਵਾਧਾ ਹੋਵੇਗਾ। ਮੁਨਾਫੇ ਦੇ ਰੂਪ ਵਿੱਚ ਪੈਸਾ ਜਿਹੜਾ ਕਰਮਚਾਰੀਆਂ ਤੇ ਸਰਕਾਰ ਰਾਹੀਂ ਬਾਜ਼ਾਰ ਵਿੱਚ ਵਰਤਿਆ ਜਾਂਦਾ ਹੈ ਉਹ ਕੁੱਝ ਘਰਾਣਿਆਂ ਦੇ ਕਬਜ਼ੇ ਵਿੱਚ ਆ ਜਾਵੇਗਾ। ਇੰਜ ਆਮ ਹੱਥਾਂ ਵਿੱਚੋਂ ਦੌਲਤ ਖਿਸਕ ਕੇ ਕੁੱਝ ਖ਼ਾਸ ਹੱਥਾਂ ਵਿੱਚ ਚਲੇ ਜਾਂਦੀ ਹੈ। ਸਰਕਾਰੀ ਅਦਾਰਿਆਂ ਨੂੰ ਵੇਚਣਾ ਸਮੱਸਿਆ ਦਾ ਹਲ ਨਹੀਂ ਸਗੋਂ ਪ੍ਰਬੰਧਕੀ ਸੁਧਾਰ ਕਰਨਾ ਅਤੇ ਭ੍ਰਿਸ਼ਟਾਚਾਰ ਨੂੰ ਰੋਕਣਾ ਜ਼ਰੂਰੀ ਹੈ।

ਕੁੱਝ ਦਹਾਕੇ ਪਹਿਲਾਂ ਜਦੋਂ ਵਿੱਦਿਆ ਦਾ ਨਿਜੀਕਰਨ ਹੋ

ਕੇ ਇਹ ਵਪਾਰ ਨਹੀਂ ਸੀ ਬਣੀ ਉਦੋਂ ਗਰੀਬ ਅਮੀਰ ਲਈ ਇੱਕੋ ਸਕੂਲ ਸਨ, ਪਰ ਹੁਣ ਅਜਿਹਾ ਨਹੀਂ ਹੈ। ਨਿੱਜੀ ਸਕੂਲਾਂ ਵਿੱਚ ਪੜ੍ਹਦੇ ਬੱਚੇ ਹੀ ਹਰ ਥਾਂ ਭਾਵੇਂ ਉਹ ਸਰਕਾਰੀ ਖੇਤਰ ਹੋਵੇ ਜਾਂ ਨਿੱਜੀ ਖੇਤਰ ਹੋਵੇ, ਕਾਬਜ਼ ਹੋ ਰਹੇ ਹਨ। ਇਸ ਨਾਲ ਬਹੁਗਿਣਤੀ ਦਾ ਚੰਗਾ ਜੀਵਨ ਜਿਉਣ ਦਾ ਸੁਪਨਾ ਕੇਵਲ ਸੁਪਨਾ ਹੀ ਬਣਦਾ ਜਾ ਰਿਹਾ ਹੈ। ਨਿੱਜੀ ਹਸਪਤਾਲਾਂ ਵਿੱਚ ਇਲਾਜ ਇੰਨਾਂ ਮਹਿੰਗਾ ਹੋ ਗਿਆ ਹੈ ਕਿ ਆਮ ਆਦਮੀ ਇੱਥੇ ਜਾਣ ਦੀ ਹਿੰਮਤ ਨਹੀਂ ਕਰਦਾ। ਜੇਕਰ ਕੋਈ ਮਜ਼ਬੂਰੀ ਵਸ ਜਾਂਦਾ ਵੀ ਹੈ ਤਾਂ ਉਹ ਕਰਜ਼ੇ ਦੀ ਦਲਦਲ ਵਿੱਚ ਫਸ ਜਾਂਦਾ ਹੈ। ਦੇਸ਼ ਦੀ ਬਹੁਤੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ ਤੇ ਕਿਸਾਨ ਨੂੰ ਹੀ ਸਭ ਤੋਂ ਵੱਧ ਕੁਦਰਤ ਦੀ ਮਾਰ ਝੱਲਣੀ ਪੈਂਦੀ ਹੈ। ਉਸ ਦੀ ਸਹਾਇਤਾ ਲਈ ਬੀਮਾ ਯੋਜਨਾ ਸ਼ੁਰੂ ਹੋਈ, ਪਰ ਇਸ ਦਾ ਪ੍ਰਬੰਧ ਨਿੱਜੀ ਕੰਪਨੀਆਂ ਨੂੰ ਸੌਂਪ ਦਿੱਤਾ ਗਿਆ।

ਜੇਕਰ ਅਮੀਰ ਗਰੀਬ ਵਿੱਚ ਵਧ ਰਹੇ ਪਾੜੇ 'ਤੇ ਲਗਾਮ ਨਾ ਲਗਾਈ ਗਈ ਤਾਂ ਬੇਰੁਜ਼ਗਾਰੀ ਵਿੱਚ ਵਾਧਾ ਹੋਵੇਗਾ ਜਿਸ ਨਾਲ ਗਰੀਬਾਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ ਤੇ ਆਮ ਲੋਕਾਂ ਵਿੱਚ ਬੇਚੈਨੀ ਵਧੇਗੀ। ਲੋਕਾਂ ਨੂੰ ਧਰਮ, ਦੇਸ਼- ਭਗਤੀ ਅਤੇ ਇਲਾਕਾਈ ਵਖਰੇਵਿਆਂ ਆਦਿ ਬਹਾਨਿਆਂ ਨਾਲ ਗੁੰਮਰਾਹ ਕਰ ਕੇ ਬਹੁਤੀ ਦੇਰ ਵੋਟਾਂ ਪ੍ਰਾਪਤ ਨਹੀਂ ਹੋ ਸਕਣਗੀਆਂ। ਇਸ ਰੁਝਾਨ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਛੱਡ ਕੇ ਉਨ੍ਹਾਂ ਦੇ ਭਲੇ ਬਾਰੇ ਸੋਚਣ ਦੀ ਲੋੜ ਹੈ ਤਾਂ ਜੋ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

❊ ❊ ❊ ❊ ❊

ਮਹਾਂਮਾਰੀ ਸੰਕਟ

ਜਸਵੰਤ ਸਿੰਘ ਜਗੈਤ,
(ਕੈਲਗਰੀ) ਕੈਨੇਡਾ

ਦਿਨ ਮਹਾਂਮਾਰੀ ਹੁਣ ਹੋਰ ਨਾ ਛਲਣਗੇ,
ਸਾਡੀ ਸ਼ਿੱਦਤ ਅੱਗੇ ਦੇਰ ਨਾ ਠਹਿਰਨਗੇ।
ਅਜ ਦੀਰਘ ਰੋਗ ਕਰੋਨਾ ਨੇ ਜੱਗ ਘੇਰਿਆ,
ਸੋਚ'ਚ ਨਾ ਡੁੱਬੋ ਰੋਗ ਨਿੱਠ ਕੇ ਭੱਜਨਗੇ।
ਸ਼ਾਤੀ ਦੇ ਪਲ ਜਿਹੜੇ ਗਏ ਸਰਾਪੇ ਨੇ,
ਇਹ ਵੀ ਨਾਲ ਕੋਸ਼ਿਸ਼ ਫੇਰ ਪਲਟਣਗੇ।
ਤੂਫਾਨ ਜੋ ਉੱਠਿਆ ਅਜ ਕੱਲ੍ਹ ਥੰਮ੍ਹ ਜਾਏਗਾ,
ਸੁਵਸਥ ਹੋ ਕੇ ਸਾਰੇ ਦੇਖਿਓ ਨਿਕਲਣਗੇ।
ਇਹ ਵਾਵਰੋਲੇ ਜੀਵਨ ਵਿਚ ਖਿਨ-ਭੰਗਰ ਨੇ,
ਇਹ ਸਾਡੇ ਜੇਰੇ ਕਰ ਕੇ ਦੇਖਿਓ ਥੰਮਣਗੇ।
ਅਵੇਰ ਸਵੇਰ 'ਜਗੈਤ' ਇਹ ਸਮਾਂ ਬੀਤੇਗਾ,
ਨਿਯਮਾਂ ਸਦਕਾ ਮਹਾਂਮਾਰੀ ਸੰਕਟ ਗੁੰਮਣਗੇ।
ਪਤਝੜ ਪਿੱਛੋਂ ਰੁੱਤ ਬਹਾਰ ਪਰਤੇਗੀ,
ਮੁੜ ਕੇ ਗੁਲਸ਼ਨ ਖਿੜਨਗੇ, ਫੁੱਲ ਟਹਿਕਣਗੇ।

ਆਈਕੌਨਿਕ ਓਲੰਪੀਅਨ ਬਲਬੀਰ ਸਿੰਘ ਦਾ ਵਿਛੋੜਾ



ਓਲੰਪਿਕ ਖੇਡਾਂ ਵਿੱਚ ਹਾਕੀ ਦੇ ਫਾਈਨਲ ਮੈਚ ਵਿੱਚ ਇਕੱਲਾ ਹੀ 6 ਗੋਲ ਕਰ ਕੇ ਵਿਸ਼ਵ ਰਿਕਾਰਡ ਬਣਾਉਣ ਵਾਲਾ ਬਲਬੀਰ ਸੀਨੀਅਰ ਉਮਰ ਦੇ 97ਵੇਂ ਸਾਲ ਵਿੱਚ 25 ਮਈ, 2020 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਉਹ ਦੁਨੀਆਂ ਦਾ ਇਕੱਲਾ ਹਾਕੀ ਖਿਡਾਰੀ ਸੀ ਜਿਸ ਨੂੰ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਲੰਡਨ ਓਲੰਪਿਕ-2012 ਮੌਕੇ 'ਆਈਕੌਨਿਕ ਓਲੰਪੀਅਨ' ਖਿਤਾਬ ਨਾਲ ਸਨਮਾਨਿਤ ਕੀਤਾ ਸੀ। ਹਾਕੀ ਦੇ ਯੁੱਗ ਪੁਰਸ਼ ਬਲਬੀਰ ਸਿੰਘ ਸੀਨੀਅਰ ਨੇ ਓਲੰਪਿਕ ਖੇਡਾਂ ਵਿੱਚ ਤਿੰਨ ਗੋਲਡ ਮੈਡਲ ਜਿੱਤ ਕੇ ਭਾਰਤ ਦੀ ਝੋਲੀ ਵਿੱਚ ਪਾਏ ਜਿਸ ਕਾਰਨ ਉਸ ਨੂੰ 'ਗੋਲਡਨ ਹੈਟ੍ਰਿਕ' ਵਾਲਾ ਬਲਬੀਰ ਵੀ ਆਖਿਆ ਜਾਂਦਾ ਸੀ।

ਬਲਬੀਰ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਹਰੀਪੁਰ ਖਾਲਸਾ ਵਿਖੇ ਆਪਣੇ ਨਾਨਕਿਆਂ ਦੇ ਘਰ 31 ਦਸੰਬਰ, 1923 ਨੂੰ ਹੋਇਆ। ਉਸ ਦੇ ਬਜ਼ੁਰਗਾਂ ਦਾ ਪਿੰਡ ਇਸ ਜ਼ਿਲ੍ਹੇ ਵਿੱਚ ਪਵਾਦੜਾ ਹੈ। ਪਿਤਾ ਜੀ ਮੋਗਾ ਵਿਖੇ ਅਧਿਆਪਕ ਦੀ ਨੌਕਰੀ ਕਰਦੇ ਸਨ ਜਿਸ ਕਰ ਕੇ ਪੰਜ ਸਾਲ ਦੀ ਉਮਰ ਵਿੱਚ ਉਨ੍ਹਾਂ ਪਾਸ ਜਾ ਕੇ ਪੜ੍ਹਨ ਲੱਗਾ। ਕਾਲਜ ਦੀ ਪੜ੍ਹਾਈ ਡੀ.ਐਮ.ਕਾਲਜ ਮੋਗਾ ਤੋਂ ਸ਼ੁਰੂ ਕਰਕੇ ਫਿਰ ਖਾਲਸਾ ਕਾਲਜ ਲਾਹੌਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੂਰੀ ਕੀਤੀ। ਬਲਬੀਰ ਸਿੰਘ ਨੇ ਦੇਸ਼ ਦੀ ਵੰਡ ਹੋਣ ਤੋਂ ਪਹਿਲਾਂ ਤਿੰਨ ਵੇਰ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਹਾਕੀ ਟੀਮ ਨੂੰ ਸੋਨੇ ਦੇ ਤਮਗੇ ਦਿਵਾਏ। 1948 ਵਿੱਚ ਉਸ ਦਾ ਪਰਿਵਾਰ ਲੁਧਿਆਣਾ ਵਿਖੇ ਵਸ ਗਿਆ ਜਿੱਥੇ ਉਸ ਨੇ ਪੰਜਾਬ ਪੁਲਿਸ ਵਿੱਚ ਨੌਕਰੀ ਕੀਤੀ। ਉਹ ਕਈ ਸਾਲਾਂ ਤੱਕ ਪੰਜਾਬ ਪੁਲਿਸ ਦੀ ਟੀਮ ਦਾ ਕਪਤਾਨ ਰਿਹਾ ਅਤੇ ਉਸ ਨੂੰ ਤਮਗਿਆਂ ਨਾਲ ਭਰ ਦਿੱਤਾ। ਭਾਰਤ ਸਰਕਾਰ ਨੇ ਉਸ ਦੀ ਖੇਡ ਦਾ ਮੁੱਲ ਪਾਉਂਦਿਆਂ 1957 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਜੋ ਕਿ ਕਿਸੇ ਖਿਡਾਰੀ ਨੂੰ ਹਾਸਲ ਹੋਣ ਵਾਲਾ ਪਹਿਲਾ ਸਨਮਾਨ ਸੀ। ਆਪ ਕਈ ਵੇਰ ਓਲੰਪਿਕ ਖੇਡਾਂ ਸਮੇਂ ਭਾਰਤੀ ਹਾਕੀ ਟੀਮ ਦੇ ਮੈਨੇਜਰ ਤੇ ਚੀਫ ਕੋਚ ਰਹੇ। ਆਪ ਨੂੰ 2006 ਵਿੱਚ 'ਉੱਤਮ ਸਿੱਖ ਹਾਕੀ ਖਿਡਾਰੀ' ਐਲਾਨਿਆਂ ਗਿਆ ਅਤੇ 2015 ਵਿੱਚ 'ਮੇਜਰ ਧਿਆਨ ਚੰਦ ਲਾਈਫ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਨੌਜਵਾਨਾਂ ਨੂੰ ਹਾਕੀ ਵੱਲ ਪ੍ਰੇਰਤ ਕਰਨ ਲਈ ਆਪ ਨੇ ਦੋ ਪੁਸਤਕਾਂ-'ਦਾ ਗੋਲਡਨ ਹੈਟ੍ਰਿਕ' ਅਤੇ 'ਦ ਗੋਲਡਨ ਯਾਰਡਸਟਿੱਕ; ਇੰਨ ਕੁਇਸਟ ਆਫ ਹਾਕੀ ਐਕਸੀਲੈਂਸ' ਵੀ ਲਿਖੀਆਂ।

ਆਪ ਦੇ ਤਿੰਨ ਪੁੱਤਰ ਹਨ ਜੋ ਕੈਨੇਡਾ ਵਿੱਚ ਰਹਿੰਦੇ ਹਨ।

ਬਾਕੀ ਸਫਾ 32 'ਤੇ .....

ਸ਼ਰਧਾ ਦਾ ਸੁਦਾਅ

ਅਮੀਨ ਮਲਿਕ

(ਅਮੀਨ ਮਲਿਕ ਪੰਜਾਬੀ ਜ਼ੁਬਾਨ ਦਾ ਇੱਕ ਪਾਕਿਸਤਾਨੀ ਲੇਖਕ ਹੈ। ਉਸ ਨੇ 1947 ਵਿੱਚ ਪੰਜਾਬ ਦੀ ਵੰਡ ਦਾ ਦੁਖਾਂਤ ਆਪਣੇ ਪਿੰਡੇ 'ਤੇ ਹੰਢਾਇਆ। ਉਹ ਵਿਗਿਆਨਕ ਸੋਚਣੀ ਨੂੰ ਪ੍ਰਣਾਇਆ ਮੁਸਲਮਾਨ ਹੈ। ਇਹ ਲੇਖ 'ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅੰਮ੍ਰਿਤਸਰ' ਵਲੋਂ ਪ੍ਰਕਾਸ਼ਿਤ ਪੁਸਤਿਕਾ ਵਿੱਚੋਂ ਧੰਨਵਾਦ ਸਹਿਤ ਲਿਆ ਗਿਆ ਹੈ। ਅਮੀਨ ਸਾਹਿਬ 26 ਮਈ, 2020 ਨੂੰ ਲੰਡਨ ਵਿਖੇ ਅਕਾਲ ਚਲਾਣਾ ਕਰ ਗਏ ਹਨ)

ਸ਼ਰਧਾ ਇੱਕ ਨਿੱਕਾ ਜਿਹਾ ਸ਼ਬਦ ਹੈ ਜਿਸ ਨੂੰ ਉਰਦੂ ਅਰਬੀ ਵਿੱਚ ਅਕੀਦਤ ਆਖਿਆ ਜਾਂਦਾ ਹੈ। ਮੋਟੇ ਸ਼ਬਦਾਂ ਵਿੱਚ ਇਸ ਦਾ ਪ੍ਰਗਟਾਵਾ ਇੰਜ ਕਰਾਂਗੇ ਕਿ ਧਰਮ ਬਾਰੇ ਇਨਸਾਨੀ ਸੋਚ, ਯਕੀਨ, ਭਰੋਸਾ ਅਤੇ ਮਾਨਤਾ ਨੂੰ ਸ਼ਰਧਾ ਆਖਿਆ ਜਾਂਦਾ ਹੈ। ਇਹ ਸ਼ਰਧਾ ਇਨਸਾਨ ਨੂੰ ਰਾਹ ਵੀ ਦੱਸਦੀ ਏ ਤੇ ਡਾਹ ਵੀ ਲਾਉਂਦੀ ਹੈ। ਇਹ ਉਸਾਰੂ ਵੀ ਹੈ ਤੇ ਮਾਰੂ ਵੀ। ਇਹ ਦੋਧਾਰੀ ਤਲਵਾਰ ਹੈ ਜੋ ਹਿਫ਼ਾਜ਼ਤ ਵੀ ਕਰਦੀ ਹੈ ਪਰ ਪੁੱਠੀ ਵਰਤਣ ਨਾਲ ਆਪਣਾ ਗਲ਼ਾ ਵੀ ਕੱਟ ਦੇਂਦੀ ਹੈ। ਸ਼ੁਦਾਅ ਵਰਗੀ ਕੁੱਦੀ ਹੋਈ ਸ਼ਰਧਾ ਇੰਜ ਹੀ ਹੈ ਜਿਵੇਂ ਕਿਸੇ ਬਘਿਆੜ ਨੂੰ ਭੇਡਾਂ ਦੇ ਵਾੜੇ ਵਿੱਚ ਛੱਡ ਦੇਈਏ। ਇੰਜ ਇਹ ਸ਼ਰਧਾ ਸਿਰਫ ਕਿਸੇ ਦੇ ਘਰ ਦਾ ਹੀ ਉਜਾੜਾ ਨਹੀਂ ਕਰਦੀ ਸਗੋਂ ਮੁਹੱਲੇ, ਸ਼ਹਿਰ ਤੇ ਮੁਲਕ ਵਿੱਚ ਵੀ ਅੱਗ ਲਾ ਦਿੰਦੀ ਹੈ।

ਕੋਈ ਜ਼ਮਾਨਾ ਸੀ ਜਦਕਿ ਇਸ ਅੰਨ੍ਹੀ ਸ਼ਰਧਾ ਦੇ ਪਾਏ ਹੋਏ ਪਵਾੜੇ ਨਿੱਕੇ-ਨਿੱਕੇ ਹੁੰਦੇ ਸਨ।ਇਹ ਧਰਮ ਦੇ ਮਾਮੇ ਅਤੇ ਠੇਕੇਦਾਰ ਆਪਣੀ ਕਲਾ ਅਤੇ ਫ਼ਨ ਦੀ ਬੀਨ ਐਨੀ ਸੁਰੀਲੀ ਵਜਾਂਦੇ ਨੇ ਕਿ ਸਿਰਫਿਰਿਆ ਸ਼ਰਧਾਲੂ ਸਿਰ ਮਾਰਨ ਲਗ ਜਾਂਦਾ ਹੈ। ਫਿਰ ਕਾਰੀਗਰ ਪੀਰ ਸਾਧੂ ਸੰਤ ਉਸ ਦੀ ਮੱਤ ਮਾਰ ਕੇ ਉਸ ਦੀਆਂ ਸੋਚਾਂ ਉੱਤੇ ਕਬਜ਼ਾ ਕਰ ਲੈਂਦਾ ਹੈ। ਅੱਜ ਇਸ ਖੇਡ ਨੂੰ 'ਬਰੇਨ ਵਾਸ਼' ਦਾ ਨਾਂ ਦਿੱਤਾ ਗਿਆ ਹੈ। ਹੁਣ ਇਸ ਕਾਰੋਬਾਰ ਨੇ ਪੂਰੀ ਦੁਨੀਆਂ ਉੱਤੇ ਪੰਜਾ ਜਮਾ ਲਿਆ ਹੈ।ਇਹ ਮਸਲਾ ਕਿਸੇ ਖ਼ਾਸ ਧਰਮ ਦਾ ਨਹੀਂ ਬਲਕਿ ਹਰ ਇਨਸਾਨ ਦਾ ਹੈ।.....

ਇੱਕ ਸਾਬਕਾ ਆਈ.ਸੀ.ਐਸ. ਡਿਪਟੀ ਕਮਿਸ਼ਨਰ ਜ਼ਿਲ੍ਹਾ ਝੰਗ ਦੇ ਸਵਰਗੀ ਕੁਦਰਤਉੱਲਾਹ ਸ਼ਹਾਬ ਆਪਣੀ ਜੀਵਣੀ 'ਸ਼ਹਾਬਨਾਮਾ' ਵਿੱਚ ਇੱਕ ਗੱਦੀਨਸ਼ੀਨ ਦਾ ਅੱਖੀਂ ਡਿੱਠਾ ਹਾਲ ਲਿਖਦੇ ਨੇ, ਜੋ ਉਨ੍ਹਾਂ ਦੇ ਸ਼ਬਦਾਂ ਵਿੱਚ ਹੀ ਅਰਜ਼ ਕਰ ਰਿਹਾ ਹਾਂ। ਉਹ ਲਿਖਦੇ ਨੇ, " ਮੈਂ 1952 ਵਿੱਚ ਬਤੌਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਝੰਗ ਦਾ ਚਾਰਜ ਲਿਆ ਤੇ ਇੱਕ ਬਹੁਤ ਵੱਡੀ ਗੱਦੀ ਦੇ ਸਜਾਦਾਨਸ਼ੀਨ ਦਾ ਮੈਨੂੰ ਤਆਰੁਫ਼ੀ ਕਾਰਡ ਮਿਲਿਆ। ਕਾਰਡ ਦੀ ਲਿਖਤ ਕੁੱਝ ਇੰਜ ਸੀ ' ਪੀਰ ਫ਼ਖ਼ਰ ਆਸ਼ਿਕਾਂ ਆਫਤਾਬ ਤ ਕਿ ਪੀਰ ਸਾਬ੍ਹ ਲੈਂਡਲਾਰਡ ਤੇ ਲੀਡਰ ਵੀ ਨੇ? ਫਿਰ ਮੈਨੂੰ ਉੱਥੇ ਜਾਣ ਦਾ ਸ਼ੌਕ ਕੁੱਦਿਆ ਅਤੇ ਵੇਖਿਆ ਕਿ ਪੱਕੀ ਸੜਕ ਉੱਤੇ ਚਲਾਉਣ ਲਈ ਉਨ੍ਹਾਂ ਕੋਲ ਕਾਰ ਮਾਸਰਟ ਬਾਈਕ, ਕੱਚੀ ਸੜਕ ਲਈ ਸ਼ੈਵਰਲੇ ਜਾਂ ਸਟੇਸ਼ਨ ਵੈਗਨ ਅਤੇ ਸ਼ਿਕਾਰ ਲਈ ਜੀਪਾਂ ਵਰਤਦੇ ਨੇ। ਬਾਰ੍ਹਾਂ ਆਲ੍ਹਾ ਨਸਲ ਦੇ ਘੋੜੇ, ਸਾਢੇ ਤਿੰਨ ਦਰਜਣ ਨਸਲੀ ਕੁੱਤੇ, ਜਿਨ੍ਹਾਂ ਦੀ ਖਿਦਮਤ ਲਈ ਕਈ ਦਰਜਣ ਨੌਕਰ ਰੱਖੇ ਹੋਏ ਨੇ। ਕਬੂਤਰ ਤੇ ਬਟੇਰਿਆਂ ਦਾ ਵੀ ਪੀਰ ਸਾਬ੍ਹ ਨੂੰ ਬੜਾ ਸ਼ੌਕ ਹੈ। ਹਰ ਵੱਡੇ ਸ਼ਹਿਰ ਵਿੱਚ ਮਹਿੰਗੀ ਕੋਠੀ ਮੌਜੂਦ ਹੈ। ਪੀਰ ਸਾਬ੍ਹ ਦੀ ਗੱਦੀ ਜਾਂ ਮਜ਼ਾਰ ਦੇ ਨਾਂ ਦੋ ਹਜ਼ਾਰ ਏਕੜ ਜ਼ਮੀਨ ਵੀ ਹੈ। ਉਂਜ ਵੀ ਪੂਰੇ ਸਾਲ ਵਿੱਚ ਮੁਰੀਦਾਂ ਵਲੋਂ ਕਈ ਲੱਖ ਦਾ ਨਜ਼ਰਾਨਾ ਪੀਰ ਸਾਬ੍ਹ ਨੂੰ ਪੇਸ਼ ਕੀਤਾ ਜਾਂਦਾ ਹੈ। ਗਰਮੀਆਂ ਵਿੱਚ ਵਲਾਇਤ ਤੋਂ ਵੱਖ ਮਰੀ, ਕੋਇਟਾ, ਐਬਟਾਬਾਦ ਤਸਰੀਫ ਲੈ ਜਾਂਦੇ ਨੇ।

ਅੱਜ ਮੈਂ ਉਨ੍ਹਾਂ ਦੇ ਸਾਲਾਨਾ ਉਰਸ ਦੇ ਆਖਰੀ ਦਿਨ ਹਾਜ਼ਰ ਹੋਇਆ ਹਾਂ। ਕਵਾਲੀ ਹੋ ਰਹੀ ਹੈ। ਪੀਰ ਸਾਬ੍ਹ ਗੋਟੇ ਨਾਲ ਮੜ੍ਹੇ ਹੋਏ ਚੋਲੇ ਵਿੱਚ ਬੈਠੇ ਨੇ। ਕੋਈ ਆਪਣਾ ਢੱਗਾ, ਕੋਈ ਬੀਵੀ ਦਾ ਜ਼ੇਬਰ ਅਤੇ ਕੋਈ ਧੀ ਦਾ ਦਾਜ ਵੇਚ ਕੇ ਪੀਰ ਦੇ ਪੈਰਾਂ ਵਿੱਚ ਰੱਖਣ ਲਈ ਨਜ਼ਰਾਨਾ ਲੈ ਕੇ ਆਇਆ ਹੈ। ਉਹ ਬੜੇ ਅਦਬ ਨਾਲ ਝੁਕ ਕੇ ਨਜ਼ਰਾਨਾ ਪੇਸ਼ ਕਰਦੇ ਨੇ। ਹੁਣ ਰਾਤ ਦਾ ਡੇਢ ਵੱਜ ਗਿਆ ਹੈ, ਕਵਾਲੀ ਬੰਦ ਕਰ ਦਿੱਤੀ ਗਈ ਹੈ। ਪੀਰ ਸਾਬ੍ਹ ਬੜੇ ਇਖਲਾਕ ਨਾਲ ਆਪਣੇ ਸੱਜੇ-ਖੱਬੇ ਬੈਠੇ ਅਫਸਰ, ਰਈਸਾਂ ਅਤੇ ਜਗੀਰਦਾਰਾਂ ਨੂੰ ਉਸ ਖ਼ੇਮੇ ਵਿੱਚ ਜਾਣ ਦੀ ਦਾਅਵਤ ਦਿੰਦੇ ਨੇ ਜੋ ਦਰਗਾਹ ਜਾਂ ਮਜ਼ਾਰ ਤੋਂ ਹਟ ਕੇ ਇੱਕ ਹਵੇਲੀ ਵਿੱਚ ਲਾਇਆ ਹੋਇਆ ਹੈ। ਇਸ ਖ਼ੇਮੇ ਵਿੱਚ ਖ਼ਾਸ ਲੋਕ ਜਾ ਸਕਦੇ ਨੇ ਕਿਉਂਕਿ ਇੱਥੇ ਲਾਹੌਰ, ਮੁਲਤਾਨ ਅਤੇ ਲਾਇਲਪੁਰ ਦੀਆਂ ਨਾਮੀ-ਗਰਾਮੀ ਗਾਣ ਅਤੇ ਮੁਜਰਾ ਕਰਨ ਵਾਲੀਆਂ ਪੀਰ ਸਾਬ੍ਹ ਦਾ ਇੰਤਜ਼ਾਰ ਕਰ ਰਹੀਆਂ ਨੇ।

ਮੁਰੀਦਾਂ ਅਤੇ ਰੱਬ ਨੂੰ ਖੁਸ਼ ਕਰਨ ਲਈ ਕਵਾਲੀ ਸੀ ਪਰ ਅਮੀਰਾਂ, ਵਜ਼ੀਰਾਂ, ਜਗੀਰਦਾਰਾਂ ਲਈ ਮੁਜਰਾ ਸੀ। ਖ਼ੇਮੇ ਵਿੱਚ ਅੱਪੜ ਕੇ ਪੀਰ ਸਾਬ੍ਹ ਜਾਂ ਸਜਾਦਾਨਸ਼ੀਨ ਸਾਬ੍ਹ ਆਪਣਾ ਚਮਕੀਲਾ ਗੋਟੇ ਵਾਲਾ ਚੋਲਾ ਉਤਾਰ ਦੇਂਦੇ ਨੇ। ਸਿਰ ਤੋਂ ਗੋਟੇ ਤਿੱਲੇ ਵਾਲੀ ਹਰੀ ਪੱਗ ਲਾਹ ਕੇ ਇੱਕ ਖ਼ਾਦਮ ਦੇ ਹਵਾਲੇ ਕਰ ਦੇਂਦੇ ਨੇ। ਖ਼ਾਦਮ ਨੇ ਇਹ ਇੱਜ਼ਤ ਇਹਤਰਾਮ ਵਾਲੀ ਪੱਗ ਇੱਕ ਚਾਂਦੀ ਦੇ ਥਾਲ ਵਿੱਚ ਰੱਖ ਦਿੱਤੀ। ਰੱਬ ਜਾਣੇ ਹੁਣ ਇਹ ਪੱਗ ਕਿੱਥੇ ਜਾਏਗੀ? ਸ਼ਾਇਦ ਇਹ ਪੱਗ ਨਬੀ ਬਖਸ਼ ਲੋਹਾਰ ਦੇ ਘਰ ਚਲੀ ਜਾਏ ਜਿਸ ਦੀ ਧੀ ਨੇ ਹੁਣੇ ਹੁਣੇ ਸੋਲ੍ਹਵਾਂ ਸਾਲ ਪੂਰਾ ਕੀਤਾ ਹੈ। ਸ਼ਾਇਦ ਇਹ ਪੱਗ ਰੌਸ਼ਨ ਦੀਨ ਰਾਜ

ਮਿਸਤਰੀ ਘਰ ਅੱਪੜ ਜਾਏ ਜਿਸ ਦੀ ਧੀ ਦਾ ਹੁਸਨ ਅਜੇ ਨਵਾਂ ਨਵਾਂ ਹੀ ਨਿੱਖਰਿਆ ਹੈ। ਇਹ ਪੱਗ ਬੜੀ ਇੱਜ਼ਤ ਵੱਕਾਰ ਅਤੇ ਸ਼ਰਧਾ ਵਾਲੀ ਹੈ। ਇਸ ਪਗੜੀ ਵਿੱਚ ਵਲੀਆਂ, ਫ਼ਕੀਰਾਂ ਦੀ ਮਾਰਫ਼ਤ ਅਤੇ ਵਿਰਾਸਤ ਮੌਜੂਦ ਹੈ। ਇਹ ਮੁਰਾਦਾਂ ਪੂਰੀਆਂ ਕਰਨ ਵਾਲੀ ਨੂਰ ਭਰੀ ਪਗੜੀ ਹੈ। ਪਰ ਇਹੀ ਪਗੜੀ ਜਦੋਂ ਨਬੀ ਬਖਸ਼, ਰੌਸ਼ਨ ਦੀਨ ਜਾਂ ਕਿਸੇ ਗਰੀਬ ਕਿਰਸਾਨ ਦੇ ਘਰ ਅੱਪੜਦੀ ਹੈ ਤਾਂ ਉਸ ਘਰ ਵਿੱਚ ਕਵਾਰੀਆਂ ਮਾਸੂਮ ਜਵਾਨੀਆਂ ਸਹਿਮ ਕੇ ਮੁਰਝਾ ਜਾਂਦੀਆਂ ਹਨ।

ਪੀਰ ਸਾਬ੍ਹ ਦਾ ਖਾਦਮ ਚੁੱਪ ਕਰ ਕੇ ਜਿਸ ਘਰ ਪਗੜੀ ਰੱਖ ਆਉਂਦਾ ਹੈ ਤਾਂ ਇਹ ਚੁੱਪ ਜਾਂ ਖਾਮੋਸ਼ੀ ਚੀਕ ਚੀਕ ਕੇ ਐਲਾਨ ਕਰਦੀ ਹੈ ਕਿ ਘਰ ਵਾਲਿਓ ਤੁਹਾਨੂੰ ਵਧਾਈ ਹੋਵੇ, ਤੁਹਾਡੀ ਬਹੂ-ਬੇਟੀ ਉੱਪਰ ਕਿਬਲਾ, ਕਾਅਬਾ ਪੀਰ ਸਾਬ੍ਹ ਦੀ ਰਹਿਮਤ ਬਰਕਤ ਵਾਲੀ ਨਜ਼ਰ ਪੈ ਗਈ ਹੈ। ਹੁਣ ਤੁਸੀਂ ਜੇ ਚਾਹੁੰਦੇ ਹੋ ਕਿ ਇਹ ਰੱਬ ਦੀ ਰਹਿਮਤ ਤੁਹਾਡੇ ਉੱਤੇ ਕਾਇਮ ਰਹੇ, ਤੁਹਾਡੀਆਂ ਖੇਤੀਆਂ ਹਰੀਆਂ ਰਹਿਣ, ਤੁਹਾਡੇ ਘਰ ਨੂੰ ਕੋਈ ਅੱਗ ਨਾ ਲਾਵੇ, ਤੁਹਾਡੇ ਮਵੇਸ਼ੀ ਨਾ ਚੋਰੀ ਹੋਣ ਜਾਂ ਤੁਹਾਡੇ ਵਿਹੜੇ ਪੁਲਿਸ ਹੱਥਕੜੀਆਂ ਲੈ ਕੇ ਨਾ ਆਏ ਜਾਂ ਤੁਸੀਂ ਜੇਲ੍ਹ ਤੋਂ ਬਚ ਜਾਉ ਤਾਂ ਇਸ ਪਗੜੀ ਨੂੰ ਰਾਜ਼ੀ ਖੁਸ਼ੀ ਕਬੂਲ ਕਰ ਲਵੋ।

ਕੁੱਝ ਦਿਨਾਂ ਪਿੱਛੋਂ ਮੈਨੂੰ ਦਫਤਰ ਵਿੱਚ ਇੱਕ ਚਿੱਠੀ ਮਿਲੀ ਜਿਸ ਉੱਤੇ ਲਿਖਿਆ ਸੀ, " ਜਨਾਬ ਡਿਪਟੀ ਕਮਿਸ਼ਨਰ ਸਾਬ੍ਹ, ਹਮਾਰੇ ਘਰ ਮੇਂ ਪਗੜੀ ਆ ਗਈ ਹੈ। ਖੁਦਾ ਕੇ ਲੀਏ ਮੁਝੇ ਬਚਾਉ। ਸਕੀਨਾ ਬੀਬੀ, ਦੁਖ਼ਤਰ ਗੁਲਾਮ ਮੁਹੰਮਦ, ਗਾਉ ਰਜਵਾਨਾ"। ਮੈਂ ਇਸ ਕੁੜੀ ਦਾ ਖਤ ਵਾਰ ਵਾਰ ਪੜ੍ਹਿਆ, ਪੁਲਿਸ ਅਤੇ ਮੈਜਿਸਟਰੇਟਾਂ ਨੂੰ ਪੁੱਛਿਆ ਤਾਂ ਪੂਰੀ ਗੱਲ ਸਮਝ ਵਿੱਚ ਆ ਗਈ। ਉਸੇ ਰਾਤ ਮੈਂ ਸ਼ਕੀਨਾ ਬੀਬੀ ਦੇ ਘਰ ਛਾਪਾ ਮਾਰਿਆ। ਸ਼ਕੀਨਾ ਤਾਂ ਬਚ ਗਈ ਪਰ ਅਫ਼ਸੋਸ ਕਿ ਪਗੜੀ ਸਾਡੇ ਹੱਥ ਨਾ ਆਈ"।

ਇਸ ਇਮਾਨਦਾਰ ਤੇ ਸੱਚੇਸੁੱਚੇ ਇਨਸਾਨ ਦਾ ਖਨਵਾਦਾ ਅਤੇ ਇਸ ਦੀ ਜੰਮਣ ਭੋਇੰ ਚਮਕੌਰ ਸਾਹਿਬ ਹੈ। ਇਸ ਨੇ ਅੱਧੀ ਪੜ੍ਹਾਈ ਰੋਪੜ ਵਿੱਚ ਕੀਤੀ ਅਤੇ ਫਿਰ ਜੰਮੂ ਚਲਾ ਗਿਆ ਜਿੱਥੇ ਇਸ ਦਾ ਬਾਪ ਜੰਮੂ ਵਲੋਂ ਗਿਲਗਿਤ ਦਾ ਗਵਰਨਰ ਸੀ। ਕੁਦਰਤਉੱਲਾਹ ਨੇ 1947 ਤੋਂ ਪਹਿਲਾਂ ਆਈ.ਸੀ.ਐਸ. ਦਾ ਇਮਤਿਹਾਨ ਪਾਸ ਕਰ ਕੇ ਬਿਹਾਰ ਦੇ ਜ਼ਿਲ੍ਹਾ ਭਾਗਲਪੁਰ ਅਤੇ ਫਿਰ ਔਰੰਗਾਬਾਦ ਡਿਪਟੀ ਕਮਿਸ਼ਨਰ ਦੀ ਨੌਕਰੀ ਕੀਤੀ। ਇਹ ਉਹ ਸਖਸ਼ ਹੈ ਜਿਸ ਨੇ ਅੰਗ੍ਰੇਜ਼ ਹਕੂਮਤ ਦੀ ਮਰਜ਼ੀ ਵਿਰੱਧ ਬੰਗਾਲ ਦੇ ਸੋਕੇ ਵੇਲੇ ਗੋਦਾਮ ਦਾ ਜੰਦਰਾ ਤੋੜ ਕੇ ਭੁੱਖ ਨਾਲ ਮਰਦੇ ਹੋਏ ਲੋਕਾਂ ਨੂੰ ਹਜ਼ਾਰਾਂ ਮਣ ਚੌਲ ਵੰਡ ਦਿੱਤੇ ਸਨ। ਹਿੰਦੋਸਤਾਨ ਦੀ ਵੰਡ ਪਿੱਛੋਂ ਇਹ ਕਰਾਚੀ ਆ ਗਿਆ। ਅਤੇ ਜਨਰਲ ਅਯੂਬ ਖਾਂ ਵੇਲੇ ਝੰਗ ਦਾ ਡੀ.ਸੀ. ਲੱਗਾ। ਇਹ ਸਖਸ਼ ਵੱਡੇ ਵੱਡੇ ਅਹੁਦਿਆਂ 'ਤੇ ਰਹਿ ਕੇ ਵੀ ਆਪਣਾ ਘਰ ਨਾ ਬਣਾ ਸਕਿਆ। ਜਨਰਲ ਯਹਿਯਾ ਖਾਨ ਦੀ ਬਦਕਾਰੀ, ਸ਼ਰਾਬਨੋਸ਼ੀ ਅਤੇ ਬਦਕਿਰਦਾਰੀ ਵੇਖ ਕੇ ਉਸ ਦਾ ਨਾਜਾਇਜ਼ ਹੁਕਮ ਮੰਨਣ ਤੋਂ ਇਨਕਾਰ ਕਰਨ ਕਰ ਕੇ ਉਸ ਨੇ ਨੌਕਰੀ ਤੋਂ ਅਸਤੀਫਾ ਦੇ ਕੇ ਮੁਲਕ ਛੱਡ ਦਿੱਤਾ।

ਇੱਕ ਬੰਨੇ ਹਰ ਕੋਈ ਆਖਦਾ ਹੈ ਕਿ ਅੱਜ ਦੁਨੀਆਂ ਬੜੀ ਸਿਆਣੀ ਹੋ ਗਈ ਹੈ ਅਤੇ ਹਰ ਬੰਦੇ ਨੂੰ ਸ਼ਊਰ ਆ ਗਿਆ ਹੈ। ਜੇ ਇਹ ਗੱਲ ਸੱਚੀ ਹੈ ਤਾਂ ਫਿਰ ਸ਼ੁਦਾਈਆਂ ਦੀਆਂ ਡਾਰਾਂ ਕਿੱਥੋਂ ਆ ਗਈਆਂ? ਕਿੱਡੇ ਕੁ ਸਿਆਣੇ ਨੇ ਉਹ ਸ਼ਰਧਾਲੂ, ਮੁਰੀਦ, ਬਾਲਕੇ ਜਿਹੜੇ ਆਪਣੇ ਬਾਲਾਂ ਦੀ ਰੋਟੀ ਖੋਹ ਕੇ ਲੱਖਪਤੀ ਨੂੰ ਕਰੋੜਪਤੀ ਬਣਾਉਂਦੇ ਨੇ। ਪੀਰ ਦੀ ਕਾਰ ਦੀ ਉਡਣ ਵਾਲੀ ਧੂੜ ਨੂੰ ਖੰਡ ਸਮਝ ਕੇ ਫੱਕੀ ਜਾਂਦੇ ਹਨ। ਪਤਾ ਨਹੀਂ ਲਗਦਾ ਕਿ ਇਸ ਨਵੇਂ ਦੌਰ ਨੂੰ ਤਰੱਕੀਯਾਫ਼ਤਾ ਸਿਆਣਾ ਜ਼ਮਾਨਾ ਆਖਾਂ ਕਿ ਜਹਾਲਤ ਦੇ ਵਹਿਣ ਵਿੱਚ ਡੁੱਬਦੀ ਹੋਈ ਦੁਨੀਆਂ ਆਖਾਂ।

❊ ❊ ❊ ❊ ❊

ਕਵਿਤਾ

ਪਾਲੀ ਲਸਾੜਾ
ਇਟਲੀ

ਸਾਧ ਵਾਲਾ ਪਾ ਕੇ ਚੋਲਾ ਜੱਗ ਲੁੱਟੀ ਜਾਂਦੇ ਨੇ
ਗੁਰੂਆਂ ਦੀ ਬਾਣੀ ਦਾ ਵਪਾਰ ਇਹ ਬਣਾਉਂਦੇ ਨੇ
ਨਾਮ ਜੋੜ-ਜੋੜ ਸਾਰੇ ਧਰਮਾਂ ਦਾ ਲਾ ਲਿਆ
ਬਾਬਿਆਂ ਨੇ ਆਪਣਾ ਹੀ ਧਰਮ ਬਣਾ ਲਿਆ।

ਲਾਲ ਬੱਤੀ ਵਾਲੇ ਇਨ੍ਹਾਂ ਅੱਗੇ ਮੱਥੇ ਟੇਕਦੇ
ਰਾਜਨੀਤੀ ਵਾਲੀ ਅੱਗ ਬਾਬਿਆਂ ਤੋਂ ਸੇਕਦੇ
ਪੰਜ ਸੱਤ ਦਾਸੀਆਂ ਨੂੰ ਪੈਰਾਂ 'ਚ ਬਿਠਾ ਲਿਆ
ਬਾਬਿਆਂ ਨੇ .....।

ਪੜ੍ਹੇ ਲਿਖੇ ਅਨਪੜ੍ਹ ਸਭ ਪਿੱਛੇ ਲਾ ਲਏ
ਆਪਣੇ ਨਿਸ਼ਾਨ ਡੇਰੇ ਵੱਖਰੇ ਬਣਾ ਲਏ
ਹੱਕ ਦੀ ਕਮਾਈ ਨੂੰ ਵੀ ਬਾਬਿਆਂ ਨੇ ਖਾ ਲਿਆ
ਬਾਬਿਆਂ ਨੇ .....।

ਸੁੱਤੀ ਹੋਈ ਦੁਨੀਆਂ ਵੇ 'ਪਾਲੀ' ਕਦੋਂ ਜਾਗੇਗੀ
ਬਾਬਿਆਂ ਦੇ ਡੇਰਿਆਂ ਨੂੰ ਕਦੋਂ ਇਹ ਤਿਆਗੇਗੀ
ਨਵੀਂ ਗੱਡੀ ਉੱਤੇ ਬਾਬੇ ਹੂਟਰ ਲਵਾ ਲਿਆ
ਬਾਬਿਆਂ ਨੇ.....।

ਸੁਰਿੰਦਰ ਕੌਰ ਸੈਣੀ ਦਾ ਨਾਵਲ

ਡਾਰੋਂ ਵਿਛੜੀ ਕੂੰਜ

ਡਾ. ਜਸਵੰਤ ਕੌਰ ਸੈਣੀ

'ਡਾਰੋਂ ਵਿਛੜੀ ਕੂੰਜ' ਮੈਡਮ ਸੁਰਿੰਦਰ ਕੌਰ ਸੈਣੀ ਦਾ ਦੂਜਾ ਨਾਵਲ ਅਤੇ ਕੁੱਲ ਸੱਤਵੀਂ ਪੁਸਤਕ ਹੈ। ਇਸ ਲੇਖਿਕਾ ਨੇ ਪਹਿਲਾਂ ਚਾਰ ਕਾਵਿ-ਸੰਗ੍ਰਹਿ ਤੇ ਇੱਕ ਕਹਾਣੀ-ਸੰਗਹਿ ਲਿਖੇ ਹੋਏ ਹਨ। ਇਨ੍ਹਾਂ ਦੀਆਂ ਰਚਨਾਵਾਂ ਮਾਨਵਵਾਦੀ ਗੁਣਾਂ ਦੀਆਂ ਲਿਖਾਇਕ ਹਨ। ਇਨ੍ਹਾਂ ਦੀਆਂ ਰਚਨਾਵਾਂ ਵਿੱਚ ਵਧੇਰੇ ਕਰ ਕੇ ਨਿੱਜੀ ਪੀੜਾ ਹੀ ਵਿਆਪਕ ਰੂਪ ਵਿੱਚ ਪ੍ਰਗਟ ਹੁੰਦੀ ਹੈ। ਹੁਣ ਇਨ੍ਹਾਂ ਦੀ ਪੀੜ ਨਿੱਜ ਤੋਂ ਪਰ ਵੱਲ ਦਾ ਸਫਰ ਤੈਅ ਕਰ ਰਹੀ ਹੈ।

ਇਨ੍ਹਾਂ ਦੀ ਹਰ ਰਚਨਾ ਪਿੱਛੇ ਇੱਕ ਦਰਦ, ਇੱਕ ਅਕਹਿ ਕਸ਼ਟ ਅਤੇ ਪੀੜਾ ਪਏ ਹੁੰਦੇ ਹਨ। ਜਿਸ ਦਾ ਪੋਟਾ ਪੋਟਾ ਪੀੜ ਪਰੁੰਨਾਂ ਹੋਵੇ, ਜਿਸ ਨੂੰ ਕਿਸਮਤ ਨੇ ਅਸਮਾਨੀ ਚੜ੍ਹਾ ਕੇ ਪੀਂਘ ਦਾ ਰੱਸਾ ਤੋੜ ਦਿੱਤਾ ਹੋਵੇ, ਜੋ ਜ਼ਿੰਦਗੀ ਦੇ ਦੁੱਖਾਂ ਵਿੱਚ ਮੂੱਧੇ ਮੂੰਹ ਡਿਗਿਆ ਹੋਵੇ, ਉਸ ਨੂੰ ਉੱਠ ਕੇ ਸਾਵਾਂ ਹੋਣ ਵਿੱਚ ਸਮਾਂ ਲਗਦਾ ਹੈ। ਮੈਡਮ ਨੇ ਆਪਣੇ ਆਪ ਨੂੰ ਦੁੱਖਾਂ-ਸੁੱਖਾਂ ਨਾਲ ਸਾਵਾਂ ਕਰਨ ਲਈ ਕਲਮ ਦਾ ਸਹਾਰਾ ਲਿਆ ਹੈ। ਸਚੁਮੱਚ ਹੀ ਇਨ੍ਹਾਂ ਦੀ ਕਲਮ ਨੇ ਇਨ੍ਹਾਂ ਨੂੰ ਸਾਵੀਂ-ਪੱਧਰੀ ਜ਼ਿੰਦਗੀ ਜਿਉਣ ਵਿੱਚ ਮਦਦ ਵੀ ਬਹੁਤ ਕੀਤੀ ਹੈ। ਲੇਖਕ ਜੇਕਰ ਆਪਣੇ ਦੁੱਖਾਂ ਦੇ ਕੀਰਨੇ ਹੀ ਪਾਈ ਜਾਵੇ ਤਾਂ ਵੀ ਪਾਠਕ ਉਕਤਾ ਜਾਂਦੇ ਹਨ। ਜ਼ਿੰਦਗੀ ਨੂੰ ਸਮਤਲ ਬਣਾ ਕੇ ਬਿਤਾਉਣ ਨਾਲ ਲੇਖਕ ਸਮਾਜ ਨੂੰ ਉਸਾਰੂ ਸੇਧ ਤਾਂ ਦਿੰਦਾ ਹੀ ਹੈ, ਉਸ ਦੀ ਆਪਣੀ ਜ਼ਿੰਦਗੀ ਦੀ ਗੱਡੀ ਵੀ ਹਿਚਕੋਲੇ ਖਾਣ ਤੋਂ ਬਚ ਕੇ ਸਮਤੋਰੇ ਤੁਰਨ ਲਗ ਜਾਂਦੀ ਹੈ।

ਮੈਡਮ ਸੈਣੀ ਦੀਆਂ ਕਹਾਣੀਆਂ ਵੀ ਇਨ੍ਹਾਂ ਦੀ ਜੀਵਨ-ਪੀੜਾ ਹੀ ਵਿਅਕਤ ਕਰਦੀਆਂ ਹਨ। ਨਾਵਲ ਵੀ ਜੀਵਨ ਦੇ ਦੁੱਖ ਬਿਆਨਣ ਦੇ ਨਾਲ-ਨਾਲ ਜੀਵਨ ਵਿੱਚ ਇਨ੍ਹਾਂ ਨੂੰ ਮਿਲੇ ਸੁਖਾਵੇਂ ਸਾਥਾਂ ਦੀ ਕਹਾਣੀ ਵੀ ਕਰਦੇ ਹਨ। ਜੀਵਨ ਵਿੱਚ ਫਰਿਸ਼ਤਿਆਂ ਵਰਗੇ ਲੋਕ ਮਿਲਦੇ ਰਹੇ ਅਤੇ ਪੀੜਾਂ ਦੇ ਕੌੜੇ ਘੁੱਟ ਸੰਘੋ ਉਤਾਰਨੇ ਸੋਖੇ ਹੁੰਦੇ ਰਹੇ। ਅੰਮ੍ਰਿਤਾ ਪ੍ਰੀਤਮ ਵੀ ਇੱਕ ਥਾਂ ਅਜਿਹਾ ਹੀ ਅਹਿਸਾਸ ਪ੍ਰਗਟ ਕਰਦੇ ਹਨ :-

ਮਿਲ ਗਈ ਸੀ ਏਸ ਵਿੱਚ, ਇੱਕ ਬੂੰਦ ਤੇਰੇ ਪਿਆਰ ਦੀ।
ਇਸ ਲਈ ਜੀਵਨ ਦੀ ਮੈਂ, ਸਾਰੀ ਕੁੜੱਤਣ ਪੀ ਲਈ ।'

'ਡਾਰੋਂ ਵਿਛੜੀ ਕੂੰਜ' ਇੱਕ ਦੁੱਖਾਂਭਰੀ ਔਰਤ ਦੀ ਕਹਾਣੀ ਹੈ। ਇਸ ਦੇ ਦੁੱਖਾਂ ਨੇ ਤਾਂ ਸਾਰੀ ਉਮਰ ਇਸ ਨੂੰ ਸਾਹ ਨਹੀਂ ਲੈਣ ਦਿੱਤਾ। ਮਾਪਿਆਂ ਦੇ ਪਿਆਰ ਤੋਂ ਸੱਖਣਾ ਬੰਦਾ ਕਿਵੇਂ ਸੁਖੀ ਰਹਿ ਸਕਦਾ ਹੈ। ਮਾਂ-ਮਹਿਟਰ, ਮਾਮੇ ਮਾਮੀ ਦੇ ਘਰ ਨੌਕਰਾਂ ਵਾਂਗ ਕੰਮ ਕਰਕੇ ਜੀਵਨ ਬਿਤਾਉਂਦੀ, ਹੰਝੂਆਂ ਨੂੰ ਬੁੱਕਲ ਵਿੱਚ ਸਮੇਟ ਕੇ, ਨਾ-ਚਾਹੁੰਦਿਆਂ ਵੀ, ਮਾਮੇ ਮਾਮੀ ਦੀ ਇੱਛਾ ਉੱਤੇ ਫੁੱਲ ਚੜ੍ਹਾਉਂਦਿਆਂ ਪਰਦੇਸੀਂ ਵਿਆਹ ਕਰਾਉਣ ਲਈ ਮੰਨ ਤਾਂ ਜਾਂਦੀ ਹੈ। ਪਤੀ ਤੋਂ ਕੈਨੇਡਾ ਵਿੱਚ ਅੰਤਾਂ ਦੇ ਦੁੱਖ ਸਹਿੰਦੀ ਹੈ ਪਰ ਬੁਲ੍ਹਾਂ ਤੋਂ ਸੀ ਨਹੀਂ ਕਰਦੀ।

ਇਸ ਨਾਵਲ ਵਿੱਚ ਖੁਸ਼ੀ ਵਰਗੀਆਂ ਅਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਜ਼ਿੰਦਗੀ ਬਰਬਾਦ ਕਰ ਲੈਂਦੀਆਂ ਹਨ। ਹਰਨੇਕ ਅਤੇ ਕੁਲਜੀਤ ਵਰਗੇ ਲੋਕ 'ਸੇਵਾ' ਆਪਣਾ ਧਰਮ ਸਮਝਦੇ ਹਨ, ਨਿੰਮੋਂ ਅਤੇ ਖੁਸ਼ੀ ਦੀ ਹਰ ਹੁੰਦੀ ਮਦਦ ਕਰਦੇ ਹਨ। ਇਸ ਨਾਵਲ ਦੀ ਸੂਤਰਧਾਰ ਸਤਿੰਦਰ ਓਪਰਿਆਂ ਲਈ ਵੀ ਜਾਨ ਨਿਛਾਵਰ ਕਰ ਦਿੰਦੀ ਹੈ। ਜਿੱਥੇ ਗੁਰਸਿੱਖ ਅਤੇ ਗੁਰਮੁਖ ਹਰਨੇਕ ਹੋਰੀਂ ਹਰ ਗੱਲ ਪਿੱਛੇ ਰੱਬ ਦੀ ਮਰਜ਼ੀ ਅਤੇ ਮਨੁੱਖਤਾ ਦੀ ਭਲਾਈ ਲੱਭਦੇ ਹਨ। ਲੇਖਿਕਾ ਨੇ ਗੁਰਬਾਣੀ ਦੀਆਂ ਤੁਕਾਂ ਦੇ ਹਵਾਲਿਆਂ ਨਾਲ ਜ਼ਿੰਦਗੀ ਨੂੰ ਸਾਵਾ-ਪੱਧਰਾ ਅਤੇ ਖੁਸ਼ਹਾਲ ਬਨਾਉਣ ਦਾ ਹੀਲਾ ਕੀਤਾ ਹੈ। ਇਹ ਵੀ ਦੱਸਿਆ ਹੈ ਕਿ ਅੰਦਰੋਂ ਬਾਹਰੋਂ ਧਾਰਮਿਕ ਲੋਕ ਹਰ ਹੀਲੇ ਜਨ ਸਮਾਜ ਦਾ ਭਲਾ ਹੀ ਕਰਦੇ ਹਨ।

ਹਰਜੋਤ, ਸੰਗੀਤਾ ਅਤੇ ਨਿੰਮੋਂ ਦਾ ਜੀਜਾ ਮਾੜੇ ਸਮਾਜਿਕ ਅਨਸਰ ਹਨ ਜੋ ਮਨੁੱਖਾਂ ਦੇ ਭੇਸ ਵਿੱਚ ਦਰਿੰਦੇ ਭੇੜੀਏ ਹਨ। ਇਸ ਨਾਵਲ ਦੀਆਂ ਔਰਤਾਂ ਚੰਗਿਆਈਆਂ ਦੇ ਮੁਜੱਸਮੇ ਹਨ। ਸਰਤਾਜ ਅਤੇ ਨਿੰਮੋ ਪ੍ਰੇਮ-ਪਰੁੱਤੀਆਂ ਰੂਹਾਂ ਹਨ ਜੋ ਪਿਆਰ ਲਈ ਸਬਰ ਦਾ ਘੁੱਟ ਪੀ ਲੈਂਦੇ ਹਨ। ਅੰਤ ਜਿੱਤ ਉਨ੍ਹਾਂ ਦੇ ਸਬਰ ਦੀ ਹੁੰਦੀ ਹੈ। ਇਸ ਨਾਵਲ ਦੀ ਸੂਤਰਧਾਰ ਸਤਿੰਦਰ ਜਵਾਨੀ ਵਿੱਚ ਵਿਧਵਾ ਹੋ ਕੇ ਵੀ ਇਨਸਾਨੀਅਤ ਦੀ ਮੂਰਤ ਅਤੇ ਪਰਹਿਤ ਲਈ ਸਾਰਾ ਜੀਵਨ ਲਗਾ ਦਿੰਦੀ ਹੈ। ਦੂਜਿਆਂ ਦੇ ਜੀਵਨ ਨੂੰ ਰਸਮਈ ਖੁਸ਼ੀਆਂ ਨਾਲ ਲਬੋ ਲਬਰੇਜ਼ ਕਰਨਾ ਹੀ ਉਸ ਦਾ ਉਦੇਸ਼ ਹੈ। ਇਸੇ ਮੰਤਵ ਲਈ ਅਜਨਬੀ ਨਿੰਮੋਂ ਦਾ ਇਲਾਜ, ਸਰਤਾਜ ਦੇ ਜੀਵਨ ਦੀਆਂ ਖੁਸ਼ੀਆਂ, ਸੱਸ-ਸਹੁਰੇ ਦੀ ਜੀਅਜਾਨ ਨਾਲ ਸੇਵਾ, ਪ੍ਰਦੇਸੀ ਜੋੜੇ ਉੱਤੇ ਅਥਾਹ ਵਿਸ਼ਵਾਸ ਕਰ ਕੇ ਖੁਸ਼ੀ ਨੂੰ ਉਨ੍ਹਾਂ ਦੇ ਹਵਾਲੇ ਕਰਨਾ ਉਸ ਦੇ ਸੁਭਾ ਦੇ ਮੀਰੀ ਗੁਣ ਹਨ।

ਇਸ ਨਾਵਲ ਨੂੰ ਡਾਇਰੀ ਤਕਨੀਕ ਦੇ ਵੇਰਵਿਆਂ ਰਾਹੀਂ ਅੱਗੇ ਤੋਰਿਆ ਗਿਆ ਹੈ। ਲੇਖਿਕਾ ਦੀ ਕਾਲਪਨਿਕਤਾ, ਸ਼ਬਦਾਂ ਦਾ ਭੰਡਾਰ, ਨਾਵਲ ਦੀ ਜੜਤ ਬਹੁਤ ਵਧੀਆ ਤਰੀਕੇ ਨਾਲ ਸਿਰੇ ਚੜ੍ਹਾਈ ਗਈ ਹੈ। ਮਿਹਨਤ ਅਤੇ ਸਾਦਗੀ ਨਾਲ ਇਹ ਰਚਨਾ ਪਾਠਕਾਂ ਦੇ ਹੱਥਾਂ ਵਿੱਚ ਦਿੰਦਿਆਂ ਮੈਡਮ ਸੁਰਿੰਦਰ ਕੌਰ ਮਾਣ ਮਹਿਸੂਸ ਕਰ ਰਹੇ ਹਨ। ਸਾਨੂੰ ਸਾਰੇ ਸਾਥੀਆਂ ਨੂੰ ਇਸ ਪੁਸਤਕ ਦੀ ਆਮਦ 'ਤੇ ਬਹੁਤ ਖੁਸ਼ੀ

ਬਾਕੀ ਸਫਾ 34 'ਤੇ.....

ਇਤਿਹਾਸ ਦੀ ਤ੍ਰਾਸਦੀ

ਖੜ੍ਹੇ ਦਾ ਖਾਲਸਾ

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

ਮਨੁੱਖੀ ਇਤਿਹਾਸ ਅਨੇਕਾਂ ਅਚੰਭਾਜਨਕ ਵਾਰਦਾਤਾਂ ਨਾਲ ਭਰਿਆ ਪਿਆ ਹੈ। ਕਈ ਵਾਰ ਉਹ ਵਾਪਰ ਗਿਆ ਜਿਸ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ ਸੀ। ਅਜਿਹੀ ਇੱਕ ਅਤਿ ਮਹੱਤਵਪੂਰਨ ਘਟਨਾ 1928 ਵਿੱਚ ਅਫਗਾਨਿਸਤਾਨ ਦੇਸ਼ ਵਿੱਚ ਵਾਪਰੀ। ਇੱਥੋਂ ਦਾ ਸ਼ਾਸਕ ਅਮਾਨੁੱਲ੍ਹਾ ਬਹੁਤ ਅਗਾਂਹਵਧੂ ਵਿਚਾਰਾਂ ਵਾਲਾ ਸੀ। ਉਹ 1919 ਵਿੱਚ ਇਸ ਦੇਸ਼ ਦਾ ਸ਼ਾਸਕ ਬਣਿਆਂ ਸੀ।ਉਹ ਆਪਣੇ ਪਿਛੜੇ ਹੋਏ ਦੇਸ਼ ਨੂੰ ਯੂਰਪੀਅਨ ਆਚਾਰ-ਵਿਚਾਰ ਵਿੱਚ ਢਾਲਣ ਦਾ ਇੱਛੁਕ ਸੀ। ਉਸ ਦੀ ਪਤਨੀ ਰਾਣੀ ਸੌਰਿਆ ਇਸ ਕਾਰਜ ਵਿੱਚ ਉਸ ਦੀ ਪੂਰੀ ਤਰ੍ਹਾਂ ਸਹਾਇਕ ਸੀ। ਇਸ ਸ਼ਾਸਕ ਨੇ ਨਵੇਂ ਬਣੇ ਸੋਵੀਅਤ ਯੂਨੀਅਨ ਨਾਲ ਮਿੱਤਰਤਾ ਗੰਢੀ। ਤੁਰਕੀ ਤੇ ਇਰਾਨ ਅਗਾਨਿਸਤਾਨ ਨਾਲ ਵਪਾਰਿਕ ਸਬੰਧ ਕਾਇਮ ਕਰਨ ਲਈ ਕਾਹਲੇ ਸਨ। ਅਮਾਨੁੱਲ੍ਹਾ ਆਪਣੇ ਸੁਧਾਰਵਾਦੀ ਕੰਮਾਂ ਵਿੱਚ ਅੜਿਕੇ ਡਾਹੁਣ ਵਾਲੇ ਮੁੱਲ੍ਹਾ ਅਤੇ ਹੋਰ ਧਾਰਮਿਕ ਤਾਕਤਾਂ ਨੂੰ ਅਲੱਗ ਥਲੱਗ ਕਰਨਾ ਚਾਹੁੰਦਾ ਸੀ। ਉਸ ਨੇ ਦੇਸ਼ ਦੇ ਕੁੱਝ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਹਾਸਲ ਕਰਨ ਲਈ ਭੇਜਿਆ। ਉਹ ਔਰਤਾਂ ਦੀ ਆਜ਼ਾਦੀ ਲਈ ਵੀ ਕਾਰਗਰ ਕਦਮ ਚੁੱਕਣ ਦਾ ਚਾਹਵਾਨ ਸੀ। ਉਸ ਦਾ ਆਪਣੇ ਦੇਸ਼ ਦੇ ਲੋਕਾਂ 'ਤੇ ਪੂਰਾ ਭਰੋਸਾ ਸੀ। ਉਸ ਵਿਰੁੱਧ ਕਿਸੇ ਪ੍ਰਕਾਰ ਦੀ ਸਾਜ਼ਿਸ਼ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ ਸੀ।

ਇਸ ਲਈ ਅਮਾਨੁਲ੍ਹਾ ਆਪਣੇ ਮਿਸ਼ਨ ਨੂੰ ਅਗਾਂਹ ਵਧਾਉਣ ਲਈ ਪਤਨੀ ਸਮੇਤ 1928 ਦੇ ਆਰੰਭ ਵਿੱਚ ਮਿੱਤਰ ਯੂਰਪੀਅਨ ਦੇਸ਼ਾਂ ਦੀਆਂ ਰਾਜਧਾਨੀਆਂ-ਰੋਮ, ਪੈਰਿਸ, ਲੰਡਨ, ਬਰਲਿਨ ਤੇ ਮਾਸਕੋ ਦੀ ਯਾਤਰਾ 'ਤੇ ਚੱਲ ਪਿਆ। ਇਨ੍ਹਾਂ ਸਾਰੇ ਥਾਵਾਂ 'ਤੇ ਉਨ੍ਹਾਂ ਦਾ ਬਹੁਤ ਆਦਰਮਾਣ ਹੋਇਆ। ਵਾਪਿਸੀ 'ਤੇ ਉਹ ਤੁਰਕੀ ਤੇ ਇਰਾਨ ਹੋ ਕੇ ਆਏ। ਲਗਭਗ ਪੂਰਾ ਸਾਲ ਉਹ ਯੂਰਪੀ ਦੇਸ਼ਾਂ ਵਿੱਚ ਨਿਸ਼ਚਿੰਤ ਘੁੰਮਦੇ ਰਹੇ। ਉਹ ਪੂਰੇ ਜੋਸ਼ ਨਾਲ ਆਪਣੇ ਦੇਸ਼ ਵਿੱਚ ਇਨਕਲਾਬੀ ਸੁਧਾਰ ਕਰਨ ਲਈ ਤਿਆਰ ਹੋ ਕੇ ਵਾਪਿਸ ਆਏ। ਜਿਉਂ ਹੀ ਉਹ ਆਪਣੇ ਦੇਸ਼ ਪਹੁੰਚੇ ਤਾਂ ਇੱਕ ਦਮ ਵਿਰੋਧ ਦਾ ਤੂਫਾਨ ਖੜ੍ਹਾ ਹੋ ਗਿਆ। ਇਸਲਾਮ ਦੇ ਮੁੱਲ੍ਹਾਂ ਨੇ ਉਸ ਦੀ ਪਤਨੀ 'ਤੇ ਧਰਮ ਵਿਰੁੱਧ ਆਧੁਨਿਕ ਪੌਸ਼ਾਕ ਪਹਿਨਣ ਦੇ ਇਸ਼ਤਿਹਾਰ ਦਿੱਤੇ। ਉਨ੍ਹਾਂ ਨੂੰ ਕਾਫਰ ਐਲਾਨ ਦਿੱਤਾ ਗਿਆ। ਫੌਜ ਦੀ ਬਹੁਗਿਣਤੀ ਵੀ ਉਸ ਦੇ ਵਿਰੁੱਧ ਹੋ ਗਈ। ਕਿਹਾ ਜਾਂਦਾ ਹੈ ਕਿ ਇਹ ਸਾਰੀ ਸਾਜ਼ਿਸ਼ ਇੰਗਲੈਂਡ ਨੇ ਕਰਵਾਈ ਕਿਉਂਕਿ ਉਹ ਸੋਵੀਅਤ ਯੂਨੀਅਨ ਵੱਲ ਅਮਾਨੁੱਲ੍ਹਾ ਦੇ ਵਤੀਰੇ ਤੋਂ ਖੁਸ਼ ਨਹੀਂ ਸੀ। ਇਸ ਸਾਜਿਸ਼ ਵਿੱਚ ਪੈਸੇ ਦੇ ਲੈਣ ਦੇਣ ਦੀ ਵੀ ਸੰਭਾਵਨਾ ਹੈ।

ਇਸ ਪ੍ਰਕਾਰ 1929 ਵਿੱਚ ਅਮਾਨੁੱਲ੍ਹਾ ਤੇ ਉਸ ਦੀ ਪਤਨੀ ਦੇਸ਼ ਨੂੰ ਛੱਡ ਕੇ ਭੱਜ ਗਏ। ਉਸ ਦੇ ਸਥਾਨ 'ਤੇ ਇੱਕ ਪਾਣੀ ਪਿਆਉਣ ਵਾਲੇ ਹਬੀਬਉੱਲ੍ਹਾ ਕਲਕਾਨੀ ਨੂੰ ਬਿਠਾਇਆ ਗਿਆ ਜਿਸ ਨੂੰ ਨੌ ਕੁ ਮਹੀਨਿਆਂ ਬਾਅਦ ਹਟਾ ਦਿੱਤਾ ਗਿਆ ਅਤੇ ਨਾਦਰ ਸ਼ਾਹ ਨੂੰ ਤਖਤ ਸੌਂਪਿਆ ਗਿਆ ਜਿਸ ਨੇ ਇੰਗਲੈਂਡ ਦੀ ਮਾਲੀ ਸਹਾਇਤਾ ਨਾਲ ਰਾਜ ਕੀਤਾ ਪਰ ਦੇਸ਼ ਵਿੱਚ ਦੰਗੇ ਫਸਾਦ ਹੁੰਦੇ ਰਹੇ। ਇਸ ਰਾਜ ਪਲਟੇ ਦਾ ਅਫਗਾਨਿਸਤਾਨ ਦੀ ਤਰੱਕੀ 'ਤੇ ਦੂਰਗਾਮੀ ਪ੍ਰਭਾਵ ਪਿਆ।

ਅਸਲ ਵਿੱਚ ਸਾਲ ਭਰ ਲਈ ਆਪਣੇ ਦੇਸ਼ ਤੋਂ ਬਾਹਿਰ ਰਹਿਣਾ ਅਮਾਨੁੱਲ੍ਹਾ ਦੀ ਸਿਆਣਪ ਨਹੀਂ ਸੀ। ਇਹ ਉਹ ਸਮਾਂ ਸੀ ਜਦੋਂ ਅਜੇ ਅਫਗਾਨਿਸਤਾਨ ਬਹੁਤ ਪਛੜਿਆ ਹੋਇਆ ਸੀ ਅਤੇ ਲੋਕ ਜਾਗਰੂਕ ਨਹੀਂ ਸਨ। ਦੇਸ਼ ਦੀ ਸੱਤਾ ਆਮ ਤੌਰ 'ਤੇ ਧੱਕੇ ਨਾਲ ਹਾਸਲ ਕੀਤੀ ਜਾਂਦੀ ਸੀ। ਉਸ ਸਮੇਂ ਤਾਂ 'ਖੜ੍ਹੇ ਦਾ ਖਾਲਸਾ' ਕਹਾਵਤ ਪੂਰੀ ਤਰ੍ਹਾਂ ਕਾਰਗਰ ਸੀ।

❋ ❋ ❋ ❋ ❋

ਸਾਡੇ ਮਾਣਮੱਤੇ ਸਕੂਲ ਸਿੱਖਿਆ ਅਧਿਕਾਰੀ

ਅੰਕ 37 ਦੇ ਪੰਨਾਂ 13 ਦੀ ਲਗਾਤਾਰਤਾ ਵਿੱਚ....

ਪ੍ਰਿੰਸੀਪਲ ਰਵਿੰਦਰ ਕੌਰ- ਰੂਪਨਗਰ ਸ਼ਹਿਰ ਦੇ ਰਣਜੀਤ ਐਵੇਨਿਊ ਦੇ ਵਾਸੀ ਇਹ ਅਧਿਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਸਮਾਨਪੁਰ ਜ਼ਿਲ੍ਹਾ ਐਸ.ਬੀ.ਐਸ.ਨਗਰ ਵਿਖੇ ਪ੍ਰਿੰਸੀਪਲ ਵਜੋਂ ਤਾਇਨਾਤ ਹਨ। ਇਸ ਤੋਂ ਪਹਿਲਾਂ ਆਪ ਭਿੰਨ ਭਿੰਨ ਸਕੂਲਾਂ ਵਿੱਚ ਕਾਮਰਸ ਦੇ ਲੈਕਚਰਾਰ ਰਹੇ ਹਨ ਅਤੇ 2017 ਵਿੱਚ ਗਜ਼ਟਿਡ ਅਧਿਕਾਰੀ (ਪੀ.ਈ.ਐਸ.) ਦੇ ਤੌਰ 'ਤੇ ਨਿਯੁਕਤ ਹੋਏ ਹਨ। ਆਪ ਨੇ ਮਿਹਨਤ ਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਂਦਿਆਂ ਸਕੂਲ ਨੂੰ ਸੈਲਫ ਮੇਡ ਸਮਾਰਟ ਸਕੂਲ ਬਣਾਇਆ ਹੈ। ਆਪ ਦੀ ਯੋਗਤਾ ਸਦਕਾ ਆਪ ਨੂੰ ਕੋਵਿਡ-19 ਮਹਾਂਮਾਰੀ ਦੌਰਾਨ ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਫਤਿਹ ਮਿਸ਼ਨ ਵਿੱਚ ਬਲਾਚੌਰ ਬਲਾਕ ਦੇ ਨੋਡਲ ਅਫਸਰ ਦਾ ਵਾਧੂ ਭਾਰ ਸੌਂਪਿਆ ਗਿਆ ਹੈ। ਆਪ ਦੇ ਪਤੀ ਸ. ਰਾਜਿੰਦਰ ਸਿੰਘ ਨਨੂਆਂ ਪੰਜਾਬ ਦੀ ਅਨੁਸੂਚਿਤ ਜਾਤੀ ਭਲਾਈ ਕਾਰਪੋਰੇਸ਼ਨ ਵਿੱਚ ਪ੍ਰਾਈਵੇਟ ਸੈਕਟਰੀ ਹਨ। ਆਪ ਸੈਣੀ ਭਵਨ ਦੇ ਹਰ ਕੰਮ ਵਿੱਚ ਸਹਿਯੋਗ ਕਰਦੇ ਹਨ

ਅਜੋਕੇ ਯੁੱਗ ਦੀ ਜ਼ਰੂਰਤ - ਆਤਮਨਿਰਭਰਤਾ

ਜਸਵੰਤ ਸਿੰਘ ਸੈਣੀ
ਰੂਪਨਗਰ

ਰਹਿਬਰ ਅਤੇ ਦਾਰਸ਼ਨਿਕ ਬਾਬਾ ਸ਼ੇਖ ਫਰੀਦ ਨੇ ਸਦੀਆਂ ਪਹਿਲਾਂ ਮਨੁੱਖ ਜਾਤੀ ਨੂੰ ਇਹ ਆਦਰਸ਼ ਦਿੱਤਾ ਸੀ ਕਿ 'ਬਾਰ ਪਰਾਏ ਵੈਸਣਾ ਸਾਈਂ ਮੁਝਹੇ ਨਾ ਦੇਇ' । ਦੂਜਿਆਂ ਤੇ ਆਸ਼ਿਤ ਹੋ ਕੇ ਜ਼ਿੰਦਗੀ ਕੱਟਣੀ ਅਪਣੇ ਆਪ ਵਿੱਚ ਇੱਕ ਲਾਹਨਤ ਹੈ । ਅਪਣਾ ਕਾਰਜ ਖੇਤਰ ਇਸ ਪ੍ਰਕਾਰ ਢਾਲਿਆ ਜਾਵੇ ਕਿ ਹਰ ਕੰਮ ਲਈ ਅਤੇ ਹਰ ਸਮੇ ਲਈ ਸਾਨੂੰ ਦੂਜਿਆਂ ਦਾ ਸਹਾਰਾ ਨਾ ਤੱਕਣਾ ਪਵੇ । ਸਗੋਂ ਜੀਵਨ ਦੇ ਲੋੜੀਂਦੇ ਵੱਧ ਤੋਂ ਵੱਧ ਖੇਤਰਾਂ ਵਿੱਚ ਹਰ ਮੁਲਕ ਅਤੇ ਹਰ ਵਿਅਕਤੀ ਅਪਣੇ ਜੋਗਾ ਖੁਦ ਹੋਵੇ । ਅਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਸਮਰੱਥ ਹੋਣ ਦਾ ਟੀਚਾ ਸਰਕਾਰਾਂ ਅਤੇ ਦੇਸ਼ਵਾਸੀਆਂ ਦੇ ਅਜੰਡੇ 'ਤੇ ਹਮੇਸ਼ਾਂ ਬਣਿਆ ਰਹੇ । ਦੂਜਿਆਂ 'ਤੇ ਨਿਰਭਰਤਾ ਨਹੀਂ ਸਗੋਂ ਅਪਣੀ ਖੁਦ ਦੀ ਸਮਰੱਥਾ ਤੇ ਨਿਰਭਰਤਾ ਦਾ ਜਨੂੰਨ ਸਰਕਾਰਾਂ ਅਤੇ ਦੇਸ਼ ਵਾਸੀਆਂ ਦੇ ਜ਼ਹਿਨ ਤੇ ਲਗਾਤਾਰ ਸਵਾਰ ਰਹੇ । ਸਵੈਮਾਣ ਆਤਮਨਿਰਭਰਤਾ ਤੋਂ ਪ੍ਰਾਪਤ ਹੁੰਦਾ ਹੈ, ਮਾਮਲਾ ਭਾਵੇਂ ਕਿਸੇ ਦੇਸ਼ ਦਾ ਹੋਵੇ ਜਾਂ ਕਿਸੇ ਵਿਅਕਤੀ ਦਾ ।

ਇਹ ਵੀ ਠੀਕ ਹੈ ਕਿ ਹਰ ਮਾਮਲੇ ਵਿੱਚ ਦੇਸ਼ ਜਾਂ ਦੇਸ਼ ਵਾਸੀ ਅਪਣੇ ਆਪ ਵਿੱਚ ਸਰਬਕਲਾ ਸੰਪੂਰਨ ਨਹੀਂ ਹੋ ਸਕਦਾ । ਜ਼ਮਾਨੇ ਦੀ ਤੇਜ਼ ਰਫਤਾਰ ਦਾ ਹਾਣੀ ਬਣਨ ਲਈ ਸਾਨੂੰ ਦੂਜਿਆਂ ਦਾ ਸਹਾਰਾ ਲੈਣਾ ਹੀ ਪੈਂਦਾ ਹੈ । ਦੇਸ਼ ਨੂੰ ਦੂਜੇ ਦੇਸ਼ ਅਤੇ ਵਿਅਕਤੀ ਨੂੰ ਦੂਜੇ ਵਿਅਕਤੀ ਦੀ ਮਦਦ ਲੈਣੀ ਅਤੇ ਆਪਸੀ ਲੈਣ ਦੇਣ ਕਰਨ ਦੀ ਲੋੜ ਪੈਂਦੀ ਰਹਿੰਦੀ ਹੈ । ਜ਼ਿੰਦਗੀ ਕੱਟਣ ਲਈ ਸਮਾਜ ਦਾ ਹਿੱਸਾ ਬਣ ਕੇ ਹੀ ਰਹਿਣਾ ਪੈਂਦਾ ਹੈ ਕਿਉਂਕਿ ਮਨੁੱਖ ਸਮਜਿਕ ਪ੍ਰਾਣੀ ਹੈ । ਪਰੰਤੂ ਇਸ ਗੱਲ ਤੋਂ ਵੀ ਅਸੀਂ ਇਨਕਾਰੀ ਨਹੀਂ ਹੋ ਸਕਦੇ ਕਿ ਹਰ ਵਿਅਕਤੀ ਅਪਣੀ ਹੋਂਦ ਦੀ ਪਹਿਚਾਨ ਚਾਹੁੰਦਾ ਹੈ ਅਤੇ ਅਪਣੇ ਹੀ ਬਲਬੂਤੇ ਜ਼ਿੰਦਗੀ ਕੱਟਣਾ ਲੋਚਦਾ ਹੈ । ਇਸ ਸਬੰਧੀ ਸਮਾਜਿਕ ਤਾਣੇ ਬਾਣੇ ਵਿੱਚ ਨਿੱਜੀ ਕੇਂਦਰਿਤ ਪ੍ਰਵਿਰਤੀ ਵਿੱਚ ਵਾਧਾ ਵੇਖਣ ਵਿੱਚ ਵੀ ਆ ਰਿਹਾ ਹੈ । ਇਸ ਦਾ ਮਤਲਬ ਸਮਾਜਿਕ ਭਾਈਚਾਰੇ ਨਾਲ ਵੈਰ ਵਿਰੋਧ ਨਹੀਂ ਸਗੋਂ ਦੂਜਿਆਂ 'ਤੇ ਹਮੇਸ਼ਾਂ ਨਿਰਭਰ ਰਹਿਣ ਦੀ ਪ੍ਰਵਿਰਤੀ ਨੂੰ ਘੱਟ ਕਰਨਾ ਹੈ । ਆਤਮਨਿਰਭਰਤਾ ਸ਼ਾਨ ਅਤੇ ਮਾਣ ਨਾਲ ਜੀਣ ਦੀ ਪਗਡੰਡੀ ਹੈ। ਆਤਮਨਿਰਭਰਤਾ ਦੀ ਮਾਨਸਿਕਤਾ ਨਾਲ ਸਮਾਜ ਨੂੰ ਕੋਈ ਹਾਨੀ ਨਹੀਂ ਸਗੋਂ ਇਸ ਸੋਚ ਨਾਲ ਸਮਾਜਿਕ ਖੁਸ਼ਹਾਲੀ ਵਧੇਗੀ ।

ਮੁਲਕਾਂ ਦੀ ਸੁਰੱਖਿਆ ਅਤੇ ਨਾਲ ਲਗਦੇ ਦੂਜੇ ਮੁਲਕਾਂ ਦੀਆਂ ਸਰਹੱਦਾਂ 'ਤੇ ਆਏ ਦਿਨ ਪੈਦਾ ਹੋ ਰਹੇ ਫੌਜੀ ਟਕਰਾਵਾਂ ਨੂੰ ਨਜਿੱਠਣ ਲਈ ਛੋਟੇ ਹਥਿਆਰਾਂ ਤੋਂ ਲੈ ਕੇ ਵੱਡੇ ਜੰਗੀ ਸਾਜ਼ੋ ਸਾਮਾਨ ਖੁਦ ਅਪਣੇ ਮੁਲਕ ਵਿੱਚ ਤਿਆਰ ਕਰਨਾ ਸਮੇ ਦੀ ਜ਼ਰੂਰਤ ਹੋ ਗਈ ਹੈ । ਦੇਸ ਦੀ ਅਖੰਡਤਾ ਅਤੇ ਪ੍ਰਭੁਸੱਤਾ ਸੁਨਿਸ਼ਚਿਤ ਕਰਨ ਲਈ ਲੋੜੀਂਦਾ ਜੰਗੀ ਸਾਜ਼ੋ ਸਾਮਾਨ ਦਾ ਉਤਪਾਦਨ ਅਪਣੇ ਮੁਲਕ ਵਿੱਚ ਹੀ ਕਰਨਾ ਬਦਲਦੇ ਜ਼ਮਾਨੇ ਦੀ ਮੰਗ ਹੈ। ਜੰਗ ਦੌਰਾਨ ਲੋੜੀਂਦੇ ਜ਼ਰੂਰੀ ਸਾਮਾਨ ਵਾਸਤੇ ਦੂਜੇ ਮੁਲਕਾਂ ਤੇ ਆਸ਼ਿਤ ਹੋਣਾ ਕਿਸੇ ਵੀ ਪੱਖੋਂ ਸਹੀ ਨਹੀਂ ਹੈ। ਆਖਰ ਦੇਸ਼ ਨੂੰ ਇਸ ਤਰ੍ਹਾਂ ਦੀ ਵਿਓਂਤਬੰਦੀ ਕਰਨੀ ਹੋਵੇਗੀ ਕਿ ਉਹ ਖੁਦ ਇਸ ਪੱਖੋਂ ਆਤਮਨਿਰਭਰ ਹੋਵੇ ।

ਇਸ ਤੋਂ ਇਲਾਵਾ ਘਰੇਲੂ ਰੋਜ਼ਮਰ੍ਹਾ ਜ਼ਿੰਦਗੀ ਵਿੱਚ ਵਰਤੋਂ ਵਿੱਚ ਆਉਣ ਵਾਲੀਆਂ ਇਲੈਕਟ੍ਰੋਨਿਕਸ, ਬਿਜਲੀ ਜਾਂ ਹੋਰ ਤਕਨੀਕੀ ਛੋਟੀਆਂ ਮੋਟੀਆਂ ਚੀਜ਼ਾਂ ਦਾ ਅਪਣੇ ਮੁਲਕ ਵਿੱਚ ਉਤਪਾਦਨ ਕੀਤਾ ਜਾਣਾ ਜ਼ਰੂਰੀ ਹੋ ਗਿਆ ਹੈ। ਨਿਰਯਾਤ ਕੱਚੇ ਮਾਲ ਦਾ ਨਹੀਂ ਸਗੋਂ ਕੱਚੇ ਮਾਲ ਤੋਂ ਤਿਆਰ ਕੀਤੀਆਂ ਚੀਜ਼ਾਂ ਦਾ ਹੋਣਾ ਲੋੜੀਂਦਾ ਹੈ। ਮੇਕ ਇਨ ਇੰਡੀਆ ਆਦਿ ਦੀ ਕੇਵਲ ਨਾਅਰੇਬਾਜ਼ੀ ਨਹੀਂ ਸਗੋਂ ਇਸ ਨੂੰ ਜ਼ਮੀਨੀ ਹਕੀਕਤ ਵਿੱਚ ਬਦਲਣਾ ਹੋਵੇਗਾ। ਇਸ ਪ੍ਰਤੀ ਪੂਰੀ ਤਾਕਤ ਨਾਲ ਅਪਣੇ ਸਾਧਨਾਂ ਅਤੇ ਬੇਸ਼ੁਮਾਰ ਉਪਲਬਧ ਜਨ ਸ਼ਕਤੀ ਦਾ ਭਰਪੂਰ ਪ੍ਰਯੋਗ ਕਰਨਾ ਹੋਵੇਗਾ। ਮੁਲਕ ਵਿੱਚ ਆਤਮਨਿਰਭਰਤਾ ਦੇ ਸੰਕਲਪ ਤੇ ਪੂਰੀ ਪ੍ਰਤੀਬੱਧਤਾ ਅਤੇ ਸੰਜੀਦਗੀ ਨਾਲ ਚੱਲਣ ਨਾਲ ਜਿੱਥੇ ਦੇਸ਼ ਦੇ ਅਰਥਚਾਰੇ ਨੂੰ ਵੱਡਾ ਹੁਲਾਰਾ ਮਿਲੇਗਾ ਉੱਥੇ ਦੇਸ਼ ਦੇ ਸਵੈਮਾਣ ਵਿੱਚ ਨਿਸਚੇ ਹੀ ਵਾਧਾ ਹੋਵੇਗਾ। ਦੇਸ ਦਾ ਸਵੈਮਾਣ ਆਤਮਨਿਰਭਰਤਾ ਵਿੱਚ ਹੀ ਵਿਦਮਾਨ ਹੈ ।

ਨਿੱਜੀ ਜੀਵਨ ਵਿੱਚ ਵੀ ਆਤਮਨਿਰਭਰਤਾ ਦਾ ਬਹੁਤ ਵੱਡਾ ਮਹੱਤਵ ਹੈ। ਆਤਮਨਿਰਭਰ ਹੋਣ ਦੀ ਗੱਲ ਮਨੁੱਖ ਦੀਆਂ ਹਰ ਰੋਜ਼ ਖਾਣ ਪੀਣ ਦੀਆਂ ਚੀਜ਼ਾਂ ਤੋਂ ਸ਼ੁਰੂ ਹੁੰਦੀ ਹੈ ਕਿਉਂਕਿ ਮਨੁੱਖ ਦਾ ਜੀਣਾ ਉਸ ਦੀ ਰੋਜ਼ਾਨਾ ਖੁਰਾਕ ਤੇ ਨਿਰਭਰ ਕਰਦਾ ਹੈ । ਖਾਣਾ ਪੀਣਾ ਮਨੁੱਖ ਦੀਆਂ ਜ਼ਰੂਰੀ ਜ਼ਰੂਰਤਾਂ ਹਨ। ਕੁਦਰਤ ਦੀਆਂ ਬਖਸ਼ੀਆਂ ਖੁਰਾਕੀ ਨੇਯਮਤਾਂ ਹਵਾ ਤੇ ਪਾਣੀ ਤੋਂ ਹਰ ਪ੍ਰਾਣੀ ਦੀ ਖੁਰਾਕ ਸ਼ੁਰੂ ਹੁੰਦੀ ਹੈ । ਉਸ ਤੋਂ ਬਾਅਦ ਹਰ ਪ੍ਰਾਣੀ ਨੂੰ ਅਪਣੇ ਢਿੱਡ ਵਿਚ ਕੁੱਝ ਆਹਾਰ ਪਾਉਣ ਦੀ ਲੋੜ ਪੈਂਦੀ ਹੈ। ਇਹ ਸਭ ਕੁੱਝ ਬੰਦਾ ਧਰਤੀ ਵਿੱਚੋਂ ਪੈਦਾ ਕਰਦਾ ਹੈ। ਅਲੱਗ ਅਲੱਗ ਖੁਰਾਕੀ ਵਸਤਾਂ ਦਾ ਉਤਪਾਦਨ ਅਲੱਗ ਅਲੱਗ ਮੌਸਮ ਵਿੱਚ ਕੀਤਾ ਜਾਂਦਾ ਹੈ । ਇਹ ਸਭ ਕੁੱਝ ਖੇਤੀ ਜਾਂ ਕਿਸਾਨੀ ਧੰਦੇ ਨਾਲ ਜੁੜਿਆ ਹੋਇਆ ਹੈ । ਤਾਹੀਂਓਂ ਤਾਂ ਮੁਲਕਾਂ ਦਾ ਖੇਤੀਬਾੜੀ ਪ੍ਰਧਾਨ ਮੁਲਕ ਹੋਣਾ ਇੱਕ ਸਾਧਾਰਣ ਪ੍ਰਕ੍ਰਿਆ ਹੈ । ਪਰੰਤੂ ਲੋਕੀਂ ਆਧੁਨਿਕਤਾ ਅਤੇ ਤਰੱਕੀ ਕਰਨ ਅਤੇ ਮੁਲਕਾਂ ਦੇ ਵਿਕਸਿਤ ਹੋਣ ਦੇ ਨਾਂ ਤੇ ਅਪਣੀ ਮੂਲ ਜ਼ਰੂਰਤ ਖਾਣ ਪੀਣ ਦੀ ਸਮੱਗਰੀ ਦੇ ਉਤਪਾਦਨ ਕਰਨ ਤੋਂ ਅਵੇਸਲੇ ਹੋ ਗਏ ਜਾਪਦੇ ਹਨ। ਆਮ ਆਦਮੀ ਸੋਚਦਾ ਹੀ ਨਹੀਂ ਕਿ ਖਾਣਾ ਕਿੱਥੋਂ ਆਉਂਦਾ ਹੈ ਅਤੇ ਕਿਵੇਂ ਪੈਦਾ ਕੀਤਾ ਜਾਂਦਾ ਹੈ । ਇਸ

ਤਰ੍ਹਾਂ ਦੀ ਮਨੋਬ੍ਰਿਤੀ ਬਣ ਗਈ ਕਿ ਖਾਣ ਪੀਣ ਦੀ ਸਮੱਗਰੀ ਦਾ ਉਤਪਾਦਨ ਕੇਵਲ ਕਿਸਾਨੀ ਧੰਦਾ ਕਰਨ ਵਾਲਿਆ ਦੇ ਹਿੱਸੇ ਹੀ ਰਹਿ ਗਿਆ ਹੈ। ਬਾਕੀ ਸਾਰਿਆਂ ਦਾ ਕੰਮ ਸਿਰਫ ਖਾਣਾ ਪੀਣਾ ਹੀ ਹੈ । ਬਹੁਤ ਵੱਡੇ, ਸਿਆਣੇ ਅਤੇ ਪੜ੍ਹੇ ਲਿਖੇ ਕਹਾਉਣ ਵਾਲੇ ਲੋਕ ਜ਼ਮੀਨ ਵਿੱਚੋਂ ਖਾਣ ਪੀਣ ਦੀਆਂ ਚੀਜ਼ਾਂ ਉਤਪਦਨ ਕਰਨ ਦੇ ਕਿੱਤੇ ਨੂੰ ਫਾਲਤੂ ਸਮਾ ਬਰਬਾਦ ਕਰਨ ਦੀ ਗੱਲ ਕਹਿ ਕੇ ਅਣਗੌਲਦੇ ਹਨ। ਪਰੰਤੂ ਹੁਣ ਆਤਮਨਿਰਭਰਤਾ ਦੀ ਪ੍ਰਾਪਤੀ ਲਈ ਖੇਤੀ ਉਤਪਾਦਨ ਵੱਲ ਧਿਆਨ ਦੇਣਾ ਅਤੇ ਇਸ ਸਬੰਧੀ ਢੁਕਵੀਆਂ ਵਸਤਾਂ ਦਾ ਉਤਪਾਦਨ ਕਰਨ ਲਈ ਢੁਕਵਾਂ ਸਮਾ ਕੱਢਣ ਦੀ ਜ਼ਰੂਰਤ ਪੈਂਦੀ ਜਾ ਰਹੀ ਹੈ ।

ਸ਼ੁਰੂਆਤ ਘੱਟ ਤੋਂ ਘੱਟ ਖੁਦ ਸਾਗ ਸਬਜ਼ੀ ਪੈਦਾ ਕਰਨ ਨਾਲ ਸਹਿਜੇ ਹੀ ਕੀਤੀ ਜਾ ਸਕਦੀ ਹੈ । ਰੋਜ਼ਾਨਾ ਖੁਰਾਕ ਦਾ ਇਹ ਅਹਿਮ ਹਿੱਸਾ ਅਪਣੇ ਘਰਾਂ ਵਿੱਚ ਜਾਂ ਲਾਗੇ ਚਾਗੇ ਉਪਲਬਧ ਜਗ੍ਹਾ, ਗਮਲਿਆਂ, ਵਰਟੀਕਲ ਜਾਂ ਛੱਤ ਤੇ ਘਰੇਲੂ ਬਗੀਚੀ ਰਾਹੀਂ ਉਤਪਾਦਨ ਕਰਕੇ ਆਤਮਨਿਰਭਰਤਾ ਦੀ ਸੋਚ ਵਿੱਚ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ । ਤਾਜ਼ਾ ਅਤੇ ਸ਼ੁੱਧ ਸਬਜ਼ੀ ਦੀ ਗੁਣਵੱਤਾ ਜੋ ਤੁਸੀਂ ਅਪਣੇ ਉਪਰਾਲਿਆਂ ਰਾਹੀਂ ਖੁਦ ਪੈਦਾ ਕਰਕੇ ਪ੍ਰਾਪਤ ਕਰ ਸਕਦੇ ਹੋ ਉਹ ਦੂਜਿਆਂ ਦੀ ਸਪਲਾਈ ਤੇ ਨਿਰਭਰ ਹੋਕੇ ਕਦੇ ਵੀ ਪ੍ਰਾਪਤ ਨਹੀਂ ਹੋ ਸਕਦੀ। ਆਤਮਨਿਰਭਰਤਾ ਦਾ ਟੀਚਾ ਪ੍ਰਾਪਤ ਕਰਨ ਲਈ ਜਿੰਨਾ ਕੁ ਸੰਭਵ ਹੈ ਸਾਗ ਸਬਜ਼ੀ ਦਾ ਖੁਦ ਉਤਪਾਦਨ ਕਰਨਾ ਜ਼ਰੂਰੀ ਹੈ। ਖਾਸ ਤੌਰ ਤੇ ਮਹਾਮਾਰੀ ਜਿਹੇ ਭਿਆਨਕ ਸਮਿਆਂ ਵਿੱਚ ਇਕੱਲੇ ਰਹਿਣ ਦੀ ਮਜਬੂਰੀ ਦੌਰਾਨ ਅਤੇ ਸੰਕ੍ਰਮਣ ਜਾਂ ਲਾਗ ਤੋਂ ਬਚਣ ਲਈ ਅਪਣੀਆਂ ਘਰੇਲੂ ਉਤਪਾਦਨ ਕੀਤੀਆਂ ਜਾ ਰਹੀਆਂ ਖੁਰਾਕੀ ਵਸਤਾਂ ਜ਼ਰੀਏ ਕਾਫੀ ਹੱਦ ਤੱਕ ਤ੍ਰਾਸਦੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਅਣਕਿਆਸੀ ਬਿਮਾਰੀਆਂ ਦਾ ਹਮਲਾ ਕਦੇ ਵੀ ਹੋ ਸਕਦਾ ਹੈ । ਇਸ ਦਾ ਮੁਕਾਬਲਾ ਕਰਨ ਲਈ ਸਾਨੂੰ ਤਿਆਰ ਰਹਿਣਾ ਪਵੇਗਾ ਅਤੇ ਆਤਮਨਿਰਭਰਤਾ ਦੇ ਸੰਕਲਪ ਨੂੰ ਅਪਨਾਉਣਾ ਪਵੇਗਾ।

ਦੇਸ਼ ਅਤੇ ਨਿੱਜੀ ਸੁਰੱਖਿਆ ਸੁਨਿਸਚਿਤ ਕਰਨ ਲਈ ਜ਼ਰੂਰੀ ਚੀਜ਼ਾਂ ਦਾ ਉਤਪਾਦਨ ਕਰਨਾ ਸਮੇ ਦੀ ਮੰਗ ਹੈ। ਸੋ ਆਤਮਨਿਰਭਰਤਾ ਅਪਣਾਓ ਜੀਵਨ ਖੁਸ਼ਹਾਲ ਬਣਾਓ ਦੇ ਸੰਕਲਪ ਤੇ ਕਰੜਾਈ ਨਾਲ ਪਹਿਰਾ ਦੇਣਾ ਅਜੋਕੇ ਯੁੱਗ ਦੀ ਮੰਗ ਹੈ ।

ਆਦਮੀ ਪ੍ਰਾਪਤੀਆਂ ਕਰਦਾ ਦੌੜ ਰਿਹਾ ਹੈ।
ਸਭ ਨੂੰ ਪਿੱਛੇ ਛੱਡਦਾ, ਧਕੇਲਦਾ।
ਤੇ ਫਿਰ, ਨਿਸ਼ਾਨੇ ਉੱਤੇ ਪਹੁੰਚ ਕੇ,
ਆਲੇ ਦੁਆਲੇ ਦੇਖਦਾ ਹੈ।
ਕੋਈ ਨਹੀਂ ਹੁੰਦਾ, ਐਨ ਇਕੱਲਾ।
ਗੱਲ ਕਿਸ ਨਾਲ ਸਾਂਝੀ ਕਰੇ।
ਪ੍ਰਾਪਤੀ ਦੀ ਖੁਸ਼ੀ ਢਹਿ ਢੇਰੀ ਹੋ ਜਾਂਦੀ ਹੈ।

ਹਿੰਮਤ ਨੂੰ ਸਲਾਮ

ਮਜ਼ਬੂਰੀ ਮਨੁੱਖ ਨੂੰ ਹਿੰਮਤ ਦੇਂਦੀ ਹੈ। ਇੱਕ 15 ਸਾਲ ਦੀ ਲੜਕੀ ਨੇ ਉਹ ਕਰ ਦਿਖਾਇਆ ਹੈ ਜੋ ਸੰਭਵ ਨਹੀਂ ਜਾਪਦਾ। ਜਿਸ ਉਮਰ ਵਿੱਚ ਆਮ ਲੜਕੀਆਂ ਸਾਈਕਲ 'ਤੇ ਦੋ-ਚਾਰ ਕਿਲੋਮੀਟਰ ਵੀ ਜਾਣ ਤੋਂ ਡਰਦੀਆਂ ਹਨ, ਜੋਤੀ ਕੁਮਾਰੀ ਨੇ 1200 ਕਿਲੋਮੀਟਰ ਦਾ ਫਾਸਲਾ ਆਪਣੇ ਜ਼ਖਮੀ ਪਿਤਾ ਨੂੰ ਸਾਈਕਲ ਦੀ ਪਿਛਲੀ ਸੀਟ 'ਤੇ ਬਿਠਾ ਕੇ ਕੀਤਾ। ਦੇਸ਼ ਵਿੱਚ ਕਰੋਨਾ ਵਾਇਰਸ ਫੈਲਣ ਤੋਂ ਬਚਾਅ ਲਈ ਜਦੋਂ ਲਾਕਡਾਉਨ ਕੀਤਾ ਗਿਆ ਤਾਂ ਹੋਰ ਮਜ਼ਦੂਰਾਂ ਵਾਂਗ ਜੋਤੀ ਦਾ ਪਿਤਾ ਮੋਹਨ ਪਾਸਵਾਨ ਜੋ ਗੁਰੂਗ੍ਰਾਮ ਵਿਖੇ ਈ.ਰਿਕਸ਼ਾ ਚਲਾ ਕੇ ਪਰਿਵਾਰ ਦੀ ਪਾਲਣਾ ਕਰਦਾ ਸੀ, ਵਿਹਲਾ ਹੋ ਗਿਆ। ਕੋਈ ਕੰਮ ਨਾ ਮਿਲਣ ਕਾਰਨ ਜਦੋਂ ਭੁੱਖੇ ਮਰਨ ਦੀ ਨੌਬਤ ਆਈ ਤਾਂ ਪਿਉ ਧੀ ਨੇ ਬਿਹਾਰ ਵਿੱਚ ਦਰਭੰਗਾ ਜ਼ਿਲ੍ਹੇ ਦੇ ਆਪਣੇ ਪਿੰਡ ਸਿਰਹੁੱਲੀ ਜਾਣ ਦਾ ਫੈਸਲਾ ਕੀਤਾ। ਪਰ ਜਾਣ ਕਿਵੇਂ? ਰੇਲਗੱਡੀਆਂ, ਬੱਸਾਂ ਅਤੇ ਸਫਰ ਦੇ ਹੋਰ ਸਭ

ਸਾਧਨ ਬੰਦ ਸਨ। ਇੱਕ ਪੁਰਾਣਾ ਸਾਈਕਲ ਖਰੀਦਿਆ। ਬਾਪ ਜ਼ਖਮੀ ਹੈ ਤਾਂ ਕੌਣ ਇਸ ਨੂੰ ਚਲਾਵੇ। ਜੋਤੀ ਕੁਮਾਰੀ ਨੇ ਹਿੰਮਤ ਕੀਤੀ। ਬਾਪ ਨੂੰ ਸਾਈਕਲ 'ਤੇ ਬਿਠਾਇਆ ਅਤੇ ਲੰਬੇ ਅਣਜਾਣ ਰਾਸਤੇ 'ਤੇ ਚੱਲ ਪਈ। ਰੋਜ਼ ਦਾ ਤਹਿ ਕੁ ਕਿਲੋਮੀਟਰ ਸਫਰ ਕਰਦੀ ਅਤੇ ਫਿਰ ਥੱਕਟੁੱਟ ਕੇ ਆਰਾਮ ਕਰਦੇ। ਜੇ ਕਿਤੇ ਰਾਸਤੇ ਵਿੱਚ ਕੋਈ ਨੇਕ ਟਰੱਕ ਡਰਾਇਵਰ ਮਿਲ ਜਾਂਦਾ ਤਾਂ ਉਹ ਤਰਸ ਕਰਕੇ ਇਨ੍ਹਾਂ ਦਾ ਕੁੱਝ ਸਫਰ ਸੁਖੱਲਾ ਕਰ ਦਿੰਦਾ। ਜੋਤੀ ਕੁਮਾਰੀ ਨੇ ਇੰਨਾਂ ਲੰਬਾ ਸਫਰ ਜਿਸ ਹੌਸਲੇ ਤੇ ਹਿੰਮਤ ਨਾਲ ਕੀਤਾ ਉਸ ਦੀ ਦਾਦ ਦੇਣੀ ਬਣਦੀ ਹੈ। ਅਜਿਹੀ ਲੜਕੀ ਨੂੰ ਤਾਂ ਰਾਸ਼ਟਰਪਤੀ ਵਲੋਂ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਣਾ ਬਣਦਾ ਹੈ। ਪਰ ਭਾਰਤ ਨੂੰ ਵਿਸ਼ਵ ਪੱਧਰ ਦਾ ਵਿਕਸਿਤ ਦੇਸ਼ ਬਣਾਉਣ ਦੀਆਂ ਡੀਂਗਾਂ ਮਾਰਨ ਵਾਲੇ ਰਾਜਨੀਤਿਕ ਆਗੂਆਂ ਲਈ ਇਹ ਸ਼ਰਮ ਦੀ ਗੱਲ ਹੈ ਕਿ ਇੱਕ ਗਰੀਬ ਨਾਬਾਲਗ ਲੜਕੀ ਨੂੰ ਅਜਿਹਾ ਜੋਖਮ ਭਰਿਆ ਕਦਮ ਚੁਕਣ ਲਈ ਮਜ਼ਬੂਰ ਹੋਣਾ ਪਿਆ। ਭਾਰਤੀ ਲੋਕਤੰਤਰ ਲੋਕਾਂ ਦਾ ਕਿਵੇਂ ਹੋਇਆ?

❋ ❋ ❋ ❋ ❋

.....ਸਫਾ 26 ਦੀ ਬਾਕੀ

ਇੱਕ ਬੇਟੀ ਹੈ ਜੋ ਚੰਡੀਗੜ੍ਹ ਵਿਖੇ ਰਹਿੰਦੀ ਹੈ ਜਿਸ ਪਾਸ ਆਪ ਨੇ ਆਖਰੀ ਸਮਾਂ ਬਿਤਾਇਆ। ਸ. ਬਲਬੀਰ ਸਿੰਘ ਨੇ ਹਾਕੀ ਨਾਲ ਆਪਣਾ ਤਾਉਮਰ ਇਸ਼ਕ ਨਿਭਾਇਆ ਅਤੇ ਅੰਤ ਪੂਰੇ ਗੌਰਵ ਨਾਲ ਇਸ ਨੂੰ ਅਲਵਿਦਾ ਕਹਿ ਗਏ। ਅਜਿਹੇ ਹੀਰੇ ਕਦੇ ਕਦੇ ਹੀ ਦੁਨੀਆਂ ਨੂੰ ਚਮਕ ਦਮਕ ਨਾਲ ਸਰਸ਼ਾਰ ਕਰਦੇ ਹਨ।

ਭਾਰਤ ਦੀ ਪਹਿਲੀ ਆਜ਼ਾਦੀ ਸੰਗ੍ਰਾਮੀ ਔਰਤ

ਰਾਜਿੰਦਰ ਸਿੰਘ
ਸੈਣੀ ਭਵਨ, ਰੂਪਨਗਰ

ਇਹ ਸੀ ਭਾਰਤ ਦੇ ਦੱਖਣ-ਪੂਰਬੀ ਸਮੁੰਦਰੀ ਤੱਟ 'ਤੇ ਸਥਿਤ ਸ਼ਹਿਰ ਊਲਾਲ ਦੀ ਰਾਣੀ ਅੱਬਾਕਾ ਚੋਵਟਾ। ਸੋਲਵੀਂ ਸਦੀ ਦੇ ਅੱਧ ਵਿੱਚ ਜਦੋਂ ਭਾਰਤ ਦੇ ਦੱਖਣੀ ਇਲਾਕੇ ਵਿੱਚ ਪੁਰਤਗਾਲੀ ਹਾਕਮਾਂ ਦਾ ਪੂਰਾ ਦਬਦਬਾ ਸੀ, ਇਸ 30 ਸਾਲਾਂ ਦੀ ਮੁਟਿਆਰ ਰਾਣੀ ਨੇ ਉਨ੍ਹਾਂ ਦੇ ਗੋਡੇ ਲਗਵਾ ਦਿੱਤੇ। ਪੁਰਤਗਾਲੀਆਂ ਨੇ ਬੀਜਾਪੁਰ ਅਤੇ ਗੁਜਰਾਤ ਦੇ ਸੁਲਤਾਨਾਂ ਨੂੰ ਹਰਾ ਕੇ ਉਨ੍ਹਾਂ ਦੇ ਇਲਾਕਿਆਂ ਕਬਜ਼ੇ ਵਿੱਚ ਕਰ ਲਿਆ ਸੀ। ਬੰਬਈ ਨੂੰ ਜਿੱਤ ਲਿਆ ਸੀ ਅਤੇ ਗੋਆ ਨੂੰ ਆਪਣਾ ਮੁੱਖ ਕੇਂਦਰ ਬਣਾ ਲਿਆ ਸੀ। ਉਨ੍ਹਾਂ ਨੇ ਮਇਲਾਪੁਰ ਵਿੱਚ ਕਲੋਨੀ ਸਥਾਪਿਤ ਕਰ ਲਈ ਸੀ। ਹੁਣ ਉਨ੍ਹਾਂ ਦਾ ਅਗਲਾ ਨਿਸ਼ਾਨਾਂ ਅਤਿ ਮਹੱਤਵਪੂਰਨ ਮੰਗਲੌਰ ਦੀ ਬੰਦਰਗਾਹ ਸੀ। ਮੰਗਲੌਰ ਤੋਂ 14 ਕਿਲੋਮੀਟਰ ਦੂਰ ਸ਼ਹਿਰ ਊਲਾਲ ਸੀ। ਪੁਰਤਗਾਲੀਆਂ ਨੇ ਮੰਗਲੌਰ ਨੂੰ ਜਿੱਤਣ ਤੋਂ ਪਹਿਲਾਂ ਊਲਾਲ 'ਤੇ ਕਬਜ਼ਾ ਕਰਨਾ ਚਾਹਿਆ ਕਿਉਂਕਿ ਇਸ ਨੂੰ ਉਹ ਬਹੁਤ ਆਸਾਨ ਸਮਝਦੇ ਸਨ।

ਇਸ ਛੋਟੇ ਜਿਹੇ ਰਾਜ ਦੀ ਰਾਣੀ ਤੋਂ ਉਨ੍ਹਾਂ ਨੂੰ ਕਿਸੇ ਸਖਤ ਵਿਰੋਧ ਦੀ ਉਮੀਦ ਨਹੀਂ ਸੀ। ਉਨ੍ਹਾਂ ਨੇ ਰਾਣੀ ਨੂੰ ਪਕੜ ਕੇ ਗੋਆ ਲਿਆਉਣ ਲਈ ਕੁੱਝ ਕੁ ਫੌਜੀਆਂ ਨੂੰ ਕਿਸ਼ਤੀਆਂ ਦੇ ਕੇ ਊਲਾਲ ਭੇਜਿਆ। ਪਰ ਉਹ ਕਿਸ਼ਤੀਆਂ ਅਤੇ ਜਵਾਨ ਵਾਪਸ ਨਹੀਂ ਆਏ। ਇਸ ਤੋਂ ਘਬਰਾ ਕੇ ਪੁਰਤਗਾਲੀਆਂ ਨੇ ਆਪਣੇ ਕਾਬਲ ਐਡਮੀਰਲ ਡੌਮ ਅਲਵਾਰੋ ਡਾ ਸਿਲਵੇਰਾ ਨੂੰ ਸਮੁੰਦਰੀ ਜਹਾਜ਼ਾਂ ਦਾ ਪੂਰਾ ਫਲੀਟ ਅਤੇ ਵੱਡੀ ਗਿਣਤੀ ਜਵਾਨਾਂ ਨਾਲ ਰਾਣੀ ਨੂੰ ਪਕੜ ਕੇ ਲਿਆਉਣ ਲਈ ਭੇਜਿਆ ਪਰ ਉਹ ਵੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਕੇ ਖਾਲੀ ਹੱਥ ਵਾਪਿਸ ਆ ਗਿਆ। ਹੁਣ ਉਨ੍ਹਾਂ ਨੂੰ ਰਾਣੀ ਦੀ ਸ਼ਕਤੀ ਦਾ ਅਹਿਸਾਸ ਹੋਇਆ। ਉਨ੍ਹਾਂ ਨੇ ਹੋਰ ਵੀ ਵੱਡੀ ਤਿਆਰੀ ਨਾਲ ਊਲਾਲ 'ਤੇ ਹਮਲਾ ਕੀਤਾ ਪਰ ਇਸ ਵਾਰ ਵੀ ਕੇਵਲ ਜ਼ਖਮੀ ਨੌਜਵਾਨ ਹੀ ਵਾਪਿਸ ਆਏ।

ਫਿਰ ਪੁਰਤਗਾਲੀਆਂ ਨੇ ਪਹਿਲਾਂ ਮੰਗਲੌਰ ਨੂੰ ਜਿੱਤ ਕੇ ਉੱਥੋਂ ਊਲਾਲ ਦੀ ਰਾਣੀ 'ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਮੰਗਲੌਰ ਦਾ ਕਿਲਾ ਆਸਾਨੀ ਨਾਲ ਹੀ ਉਨ੍ਹਾਂ ਦੇ ਕਬਜ਼ੇ ਵਿੱਚ ਆ ਗਿਆ। ਹੁਣ ਉਨ੍ਹਾਂ ਨੇ ਇੱਕ ਤਜ਼ਰਬੇਕਾਰ ਜਰਨੈਲ ਦੀ ਕਮਾਨ ਹੇਠ ਵਿਸ਼ਾਲ ਫੌਜ ਨੂੰ ਊਲਾਲ 'ਤੇ ਹਮਲਾ ਕਰਨ ਲਈ ਭੇਜਿਆ। ਉੱਥੇ ਜਾ ਕੇ ਦੇਖਿਆਂ ਤਾਂ ਊਲਾਲ ਉਜਾੜ ਪਿਆ ਸੀ। ਉੱਥੇ ਕੋਈ ਨਹੀਂ ਸੀ। ਪੁਰਤਗਾਲੀ ਜਿੱਤ ਦੀ ਖੁਸ਼ੀ ਜਸ਼ਨ ਮਨਾਉਣ ਲੱਗੇ। ਅਚਾਨਕ ਰਾਣੀ ਨੇ ਆਪਣੇ 200 ਨੌਜਵਾਨਾਂ ਨਾਲ ਹਮਲਾ ਕਰ ਦਿੱਤਾ। ਸਭ ਪਾਸੇ ਹਫੜਾ ਦਫੜੀ ਮਚ ਗਈ, ਜਿਸ ਨਾਲ ਕਈ ਪੁਰਤਗਾਲੀ ਫੌਜੀ ਮਾਰੇ ਗਏ। ਜਨਰਲ ਜੋਆ ਪੈਕਸੋਟੋ ਨੂੰ ਕਤਲ ਕਰ ਦਿੱਤਾ ਗਿਆ, ਬਾਕੀ ਫੌਜੀ ਫੜ ਲਏ ਗਏ ਜਾਂ ਦੌੜ ਗਏ। ਰਾਣੀ ਅੱਬਾਕਾ ਚੋਵਟਾ ਇਸ ਸਫਲਤਾ ਕਰ ਕੇ ਚੁੱਪ ਨਹੀਂ ਬੈਠੀ। ਉਹ ਉਸੇ ਰਾਤ ਆਪਣੇ ਫੌਜੀਆਂ ਸਮੇਤ ਮੰਗਲੌਰ ਵੱਲ ਵਧੀ ਅਤੇ ਕਿਲੇ ਨੂੰ ਜਾ ਘੇਰਾ ਪਾਇਆ। ਪੁਰਤਗਾਲੀ ਫੌਜ ਨਾਲ ਝੜਪ ਉਪਰੰਤ ਚੀਫ ਐਡਮੀਰਲ ਮਸਕਾਰੇਨਹਸ ਨੂੰ ਕਤਲ ਕਰ ਕੇ ਕਿਲੇ ਤੇ ਕਬਜ਼ਾ ਕਰ ਲਿਆ। ਰਾਣੀ ਨੇ ਬਿਨਾਂ ਰੁਕੇ ਮੰਗਲੌਰ ਤੋਂ 100 ਕਿਲੋਮੀਟਰ ਦੂਰ ਪੁਰਤਗਾਲੀ ਆਬਾਦੀ ਕੁੰਦਾਪੁਰਾ ਵੱਲ ਚਾਲੇ ਪਾ ਲਏ। ਹੁਣ ਪੁਰਤਗਾਲੀਆਂ ਨੂੰ ਆਪਣੀ ਹਾਰ ਨਿਸ਼ਚਿਤ ਲੱਗੀ। ਉਨ੍ਹਾਂ ਨੇ ਰਾਣੀ ਦਾ ਹਥਿਆਰਾਂ ਨਾਲ ਮੁਕਾਬਲਾ ਕਰਨ ਦੀ ਬਜਾਏ ਬੇਇਮਾਨੀ ਤੋਂ ਕੰਮ ਲਿਆ। ਉਨ੍ਹਾਂ ਨੇ ਰਾਣੀ ਦੇ ਪਤੀ ਨੂੰ ਪੈਸੇ ਦੇ ਲਾਲਚ ਨਾਲ ਖਰੀਦ ਲਿਆ। ਇਸ ਧੋਖੇਬਾਜ਼ੀ ਨਾਲ ਰਾਣੀ ਹਾਰ ਗਈ। ਉਸ ਨੂੰ ਪਕੜ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਪਰ ਉਹ ਹੌਸਲਾ ਨਹੀਂ ਹਾਰੀ। ਉਸ ਨੇ ਜੇਲ੍ਹ ਵਿੱਚੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਮਾਰੀ ਗਈ।

ਇਹ ਰਾਣੀ, ਚੋਵਟਾ ਵੰਸ਼ ਨਾਲ ਸਬੰਧ ਰਖਦੀ ਸੀ ਜਿਸ ਦੇ ਪੂਰਬਜਾਂ ਨੇ ਤੱਟੀ ਕਰਨਾਟਕ 'ਤੇ ਲੰਬਾ ਸਮਾਂ ਰਾਜ ਕੀਤਾ ਸੀ। ਉਹ ਜੈਨ ਧਰਮ ਨੂੰ ਮੰਨਦੇ ਸਨ ਪਰ ਹਿੰਦੂਆਂ ਤੇ ਮੁਸਲਮਾਨਾਂ ਨਾਲ ਬਰਾਬਰੀ ਵਾਲਾ ਵਿਹਾਰ ਕਰਦੇ ਸਨ। ਰਾਣੀ ਅੱਬਾਕਾ ਨੇ ਫੌਜੀ ਸਿਖਲਾਈ ਆਪਣੇ ਚਾਚਾ ਤਿਰੂਮਾਲਾ ਰਾਇਆ ਤੋਂ ਹਾਸਲ ਕੀਤੀ। ਉਸ ਦਾ ਵਿਆਹ ਮੰਗਲੌਰ ਦੇ ਨਾਲ ਲਗਦੇ ਸ਼ਹਿਰ ਬੰਗਾ ਦੇ ਰਾਜਾ ਲਕਸ਼ਮੱਪਾ ਨਾਲ ਹੋਇਆ ਪਰ ਜਲਦੀ ਹੀ ਇਹ ਖਤਮ ਹੋ ਗਿਆ ਤੇ ਅੱਬਾਕਾ ਆਪਣੇ ਮਾਇਕੇ ਵਾਪਸ ਆ ਗਈ। ਊਲਾਲ ਬਹੁਤ ਅਮੀਰ ਤੇ ਮਹੱਤਵਪੂਰਨ ਬੰਦਰਗਾਹ ਸੀ ਜਿੱਥੋਂ ਪੁਰਾਣੇ ਸਮੇਂ ਤੋਂ ਅਰਬ ਦੇਸ਼ਾਂ ਨਾਲ ਗਰਮ ਮਸਾਲਿਆਂ ਦਾ ਵਪਾਰ ਹੁੰਦਾ ਸੀ। ਇਸ ਲਈ ਇਹ ਬੰਦਰਗਾਹ ਬ੍ਰਿਟਿਸ਼, ਡੱਚ ਤੇ ਪੁਰਤਗਾਲੀਆਂ ਲਈ ਬਹੁਤ ਅਹਿਮ ਸੀ।

ਹੁਣ ਵੀ ਇਸ ਇਲਾਕੇ ਦੇ ਲੋਕ ਰਾਣੀ ਦੀ ਪੂਜਾ ਅੱਬਾਕਾ ਮਹਾਂਦੇਵੀ ਵਜੋਂ ਕਰਦੇ ਹਨ। ਉਹ ਉੱਥੋਂ ਦੇ ਲੋਕ-ਗੀਤਾਂ ਵਿੱਚ ਸਮੋਈ ਹੋਈ ਹੈ। ਉਸ ਦੀ ਯਾਦ ਵਿੱਚ ਊਲਾਲ ਵਿਖੇ ਹਰ

ਬਾਕੀ ਸਫਾ 34 'ਤੇ....

ਚੱਲੋ ਕਰੋਨਾ ਕਾਰਨ ਕੁਝ ਤਾਂ ਫਾਇਦਾ ਹੋਇਆ

ਸੰਦੀਪ ਸਿੰਘ ਸੈਣੀ
ਦੇਸੂ ਮਾਜਰਾ

ਪੂਰੇ ਵਿਸ਼ਵ ਵਿੱਚ ਕਰੋਨਾ ਮਹਾਂਮਾਰੀ ਕਾਰਨ ਹਾਹਾਕਾਰ ਮੱਚੀ ਹੋਈ ਹੈ। ਤਕਰੀਬਨ ਭਾਰਤ ਵਿੱਚ 22 ਮਾਰਚ ਤੋਂ ਤਾਲਾਬੰਦੀ ਕੀਤੀ ਹੋਈ ਸੀ। ਜਿੱਥੇ ਕਰੋਨਾ ਮਹਾਂਮਾਰੀ ਕਾਰਨ ਆਰਥਿਕ ਪੱਖੋਂ ਕਾਫ਼ੀ ਨੁਕਸਾਨ ਹੋਇਆ ਹੈ, ਉੱਥੇ ਇਸ ਦਾ ਕੁਝ ਕੁ ਫਾਇਦਾ ਵੀ ਹੋਇਆ ਹੈ। ਤਾਲਾਬੰਦੀ ਤਿੰਨ ਤੇ ਚਾਰ ਦੌਰਾਨ ਕੁਝ ਚੀਜ਼ਾਂ ਤੇ ਛੋਟ ਦਿੱਤੀ ਗਈ। ਜਦੋਂ ਸਾਰੇ ਪਾਸੇ ਤਾਲਾਬੰਦੀ ਸੀ ਤਾਂ ਦੇਖਿਆ ਗਿਆ ਕਿ ਵਾਤਾਵਰਨ ਸਾਫ਼ ਸੁਥਰਾ ਹੋ ਚੁੱਕਿਆ ਸੀ ਤੇ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਪ੍ਰਦੂਸ਼ਣ ਦਾ ਪੱਧਰ ਸੁਧਰਿਆ ਸੀ। ਕੁਦਰਤ ਨਵਵਿਆਹੀ ਵਹੁਟੀ ਦੀ ਤਰ੍ਹਾਂ ਸਜ ਗਈ। ਦਰਿਆ ਸਾਫ ਹੋ ਚੁੱਕੇ ਸਨ।ਜੋ ਸਮੇਂ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ ਸਨ, ਉਹ ਕਰੋਨਾ ਵਾਇਰਸ ਨੇ ਕਰ ਦਿਖਾਇਆ। ਜਿਵੇਂ ਜਿਵੇਂ ਤਾਲਾਬੰਦੀ ਦੌਰਾਨ ਛੋਟ ਦਿੱਤੀ ਗਈ, ਸਨਅਤ ਦਾ ਪਹੀਆ ਘੁੰਮਣਾ ਸ਼ੁਰੂ ਹੋਇਆ। ਫਿਰ ਦਰਿਆ ਪ੍ਰਦੂਸ਼ਿਤ ਹੋਣ ਲੱਗੇ। ਹਵਾ ਪ੍ਰਦੂਸ਼ਿਤ ਹੋਣ ਕਰਕੇ ਦਮਾ ਤੇ ਫੇਫੜਿਆਂ ਦੇ ਮਰੀਜ਼ ਲਗਾਤਾਰ ਵਧਣਾ ਸ਼ੁਰੂ ਹੋ ਚੁੱਕੇ ਹਨ। ਬੁੱਢਾ ਨਾਲਾ ਫਿਰ ਪ੍ਰਦੂਸ਼ਿਤ ਹੋਣ ਲੱਗਾ। ਸਰਸਾ ਨਦੀ ਵਿੱਚ ਮੱਛੀਆਂ ਮਰੀਆਂ ਹੋਈਆਂ ਪਾਈਆਂ ਗਈਆਂ। ਦੇਖਣ ਵਿੱਚ ਆਇਆ ਹੈ ਕਿ ਸਾਰੇ ਕਾਰੋਬਾਰ ਕੰਮਕਾਜ ਠੱਪ ਹੋ ਚੁੱਕੇ ਹਨ। ਫਿਰ ਵੀ ਇਨਸਾਨ ਨਹੀਂ ਸੁਧਰਿਆ ਹੈ, ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ। ਪ੍ਰਦੂਸ਼ਣ ਫਿਰ ਵੱਧ ਗਿਆ ਹੈ ।ਵਿਚਾਰਨ ਵਾਲੀ ਗੱਲ ਹੈ ਕਿ ਕੁਦਰਤ ਨੇ ਸਾਨੂੰ ਮੌਕਾ ਤਾਂ ਦਿੱਤਾ ਹੈ ਕਿ ਤੁਸੀਂ ਸੰਭਲ ਜਾਓ। ਪਰ ਫਿਰ ਵੀ ਕਿਉਂ ਨਹੀਂ ਅਸੀਂ ਕੁਦਰਤ ਦੇ ਮੁਤਾਬਿਕ ਜ਼ਿੰਦਗੀ ਨੂੰ ਬਸਰ ਕਰ ਰਹੇ ਹਨ। ਕੁਦਰਤ ਨੇ ਸਾਨੂੰ ਇਸ਼ਾਰੇ ਕੀਤੇ ਹਨ , ਪਰ ਫਿਰ ਵੀ ਇਨਸਾਨ ਨਹੀਂ ਸਮਝ ਰਿਹਾ ਹੈ ।

ਫਜ਼ੂਲ ਖਰਚੀ ਨੂੰ ਬਹੁਤ ਜਿਆਦਾ ਠੱਲ੍ਹ ਪਈ ਹੈ। ਜਿਨ੍ਹਾਂ ਪਰਿਵਾਰਾਂ ਵਿੱਚ ਕਿਸੇ ਬਿਮਾਰੀ ਕਾਰਨ ਮੌਤਾਂ ਹੋਈਆਂ ਸਨ, ਉੱਥੇ ਸਿਰਫ਼ ਪੰਜ ਜਾਂ ਸੱਤ ਮੈਂਬਰਾਂ ਦੀ ਮੌਜੂਦਗੀ ਵਿੱਚ ਹੀ ਸਾਦੇ ਭੋਗ ਪਾਏ ਗਏ। ਆਮ ਦੇਖਣ ਵਿੱਚ ਆਉਂਦਾ ਸੀ ਕਿ ਜੇ ਕਿਸੇ ਬਜ਼ੁਰਗ ਦੀ ਮੌਤ ਹੋ ਚੁੱਕੀ ਹੁੰਦੀ ਸੀ ਤਾਂ ਖਾਣੇ ਤੇ ਪਤਾ ਨਹੀਂ ਕਿੰਨੇ ਪੈਸੇ ਖਰਚ ਕਰ ਦਿੱਤੇ ਜਾਂਦੇ ਸਨ। ਟਰਾਲੀਆਂ ਦੀਆਂ ਟਰਾਲੀਆਂ ਭਰ ਕੇ ਜਲੇਬੀਆਂ ਖਾਣ ਚੱਲੀਆਂ ਜਾਂਦੀਆਂ ਸਨ। ਲਾਕਡਾਊਨ ਦੌਰਾਨ ਸਭ ਨੇ ਸਾਦੇ ਖਾਣੇ ਨੂੰ ਤਰਜੀਹ ਦਿੱਤੀ ਹੈ। ਚਾਹੇ ਸੂਬਾ ਸਰਕਾਰਾਂ ਨੇ ਹੋਟਲ ਰੈਸਟੋਰੈਂਟ ਖੋਲ੍ਹ ਦਿੱਤੇ ਹਨ, ਪਰ ਪੰਜ ਤਾਰਾ ਹੋਟਲ ਵਿੱਚ ਖਾਣਾ ਖਾਣ ਦੀ ਬਜਾਏ ਲੋਕ ਹੁਣ ਵੀ ਸਾਦੇ ਖਾਣੇ ਨੂੰ ਤਰਜੀਹ ਦੇ ਰਹੇ ਹਨ। ਘਰ ਦੀ ਮਸਰੀ, ਕਰੇਲੇ ਖਾ ਕੇ ਹੀ ਸਮਾਂ ਗੁਜ਼ਾਰ ਰਹੇ ਹਨ।

ਪੰਜਾਬੀ ਵਿਆਹਾਂ ਤੇ ਲੱਖਾਂ ਲੱਖਾਂ ਰੁਪਏ ਰੋੜ੍ਹ ਦਿੰਦੇ ਸਨ। ਵਿਆਹ ਤੋਂ ਪਹਿਲੇ ਪ੍ਰੀ ਵੈਡਿੰਗ ਸ਼ੂਟ ਕੀਤਾ ਜਾਂਦਾ ਸੀ, ਜਿਸ ਉੱਤੇ ਪੰਜ ਪੰਜ ਲੱਖ ਰੁਪਏ ਖਰਚਾ ਤੱਕ ਆ ਜਾਂਦਾ ਸੀ। ਅੱਜ ਕਰੋਨਾ ਮਹਾਂਮਾਰੀ ਕਰਕੇ ਸਿਰਫ ਸੀਮਿਤ ਸਾਧਨਾਂ ਵਿੱਚ ਹੀ ਸ਼ੁੱਭ ਕਾਰਜ ਨੇਪੜੇ ਚੜ੍ਹਾਏ ਜਾ ਰਹੇ ਹਨ। ਪਰਿਵਾਰਾਂ ਦੇ ਪੰਜ ਪੰਜ ਮੈਂਬਰ ਇਸ ਸ਼ੁੱਭ ਕਾਰਜ ਨੂੰ ਨੇਪਰੇ ਚੜ੍ਹਾ ਕੇ ਆਪਣੇ ਫਰਜ਼ ਨਿਭਾ ਰਹੇ ਹਨ। ਹੋਟਲ ,ਬੈਂਡ ਬਾਜੇ, ਡੀਜੇ ਆਰਕੈਸਟਰਾ ਸਾਰੇ ਹੀ ਆਪਣੇ ਵਿਆਹ ਵਿੱਚ ਇਨ੍ਹਾਂ ਨੂੰ ਬੁੱਕ ਕਰਦੇ ਸਨ। ਲੱਖਾਂ ਲੱਖਾਂ ਰੁਪਿਆ ਇਨ੍ਹਾਂ ਉੱਤੇ ਖਰਚ ਆ ਜਾਂਦਾ ਸੀ। ਆਮ ਵੇਖਣ ਵਿੱਚ ਆਉਂਦਾ ਸੀ ਕਿ ਜਦੋਂ ਕੁੜੀ ਦਾ ਵਿਆਹ ਰੱਖਿਆ ਜਾਂਦਾ ਸੀ, ਤਾਂ ਪਰਿਵਾਰ ਛੇ ਛੇ ਮਹੀਨੇ ਪਹਿਲਾਂ ਹੀ ਖਰੀਦਦਾਰੀ ਸ਼ੁਰੂ ਕਰ ਦਿੰਦਾ ਸੀ। ਆਪਣੀ ਕੁੜੀ ਦਾ ਵਧੀਆ ਕਾਰਜ ਨੇਪੜੇ ਚਾੜ੍ਹਨ ਲਈ ਬੈਂਕਾਂ, ਆੜ੍ਹਤੀਆਂ ਤੋਂ ਕਰਜ਼ਾ ਚੁੱਕਦਾ ਸੀ। ਸਮੇਂ ਸਿਰ ਕਰਜ਼ਾ ਨਾ ਚੁੱਕਣ ਕਰਕੇ ਉਸਨੂੰ ਖੁਦਕੁਸ਼ੀ ਵੀ ਕਰਨੀ ਪੈਂਦੀ ਸੀ। ਧੀਆਂ ਨੂੰ ਕੁੱਖ ਵਿੱਚ ਮਾਰਨ ਦਾ ਵੀ ਵੱਡਾ ਕਾਰਨ ਇਹ ਹੈ ਕਿ ਗਰੀਬੀ ਕਾਰਨ ਉਹ ਪਿਓ ਆਪਣੀ ਕੁੜੀ ਦਾ ਵਧੀਆ ਕਾਰਜ ਨਹੀਂ ਕਰ ਸਕਦਾ, ਜਿਸ ਕਾਰਨ ਕੁੜੀ ਨੂੰ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਸੀ। ਇਹ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਸਾਦਗੀ ਬਰਕਰਾਰ ਰਹਿ ਪਾਏਗੀ? ਜਾਂ ਫਿਰ ਆਪਣੀ ਧੀ ਦਾ ਕਾਰਜ ਨੇਪੜੇ ਚੜ੍ਹਾਉਣ ਲਈ ਪਿਓ ਨੂੰ ਲੱਖਾਂ ਰੁਪਏ ਦਾ ਕਰਜ਼ਾ ਚੁੱਕਣਾ ਪਵੇਗਾ

❊ ❊ ❊ ❊ ❊

.....ਸਫਾ 33 ਦੀ ਬਾਕੀ

ਸਾਲ 'ਵੀਰਾ ਰਾਣੀ ਅੱਬਾਕਾ ਉਤਸਵ' ਮਨਾਇਆ ਜਾਂਦਾ ਹੈ। ਸੰਨ 2003 ਵਿੱਚ ਇਸ ਰਾਣੀ ਦੀ ਯਾਦ ਵਿੱਚ ਭਾਰਤੀ ਡਾਕ ਵਿਭਾਗ ਨੇ ਡਾਕ ਟਿਕਟ ਜਾਰੀ ਕੀਤੀ ਸੀ। ਰਾਣੀ ਦੇ ਕਾਂਸੀ ਬੁੱਤ ਊਲਾਲ ਅਤੇ ਬੰਗਲੌਰ ਵਿਖੇ ਸਥਾਪਿਤ ਕੀਤੇ ਗਏ ਹਨ। ਇੱਕ ਭਾਰਤੀ ਸਮੁੰਦਰੀ ਜਹਾਜ਼ ਦਾ ਨਾਮ ਵੀ '(ICGSRani Abbaca) ਆਈ ਸੀ ਜੀ ਐਸ ਰਾਣੀ ਅੱਬਾਕਾ' ਰੱਖਿਆ ਗਿਆ ਹੈ।

ਰਾਣੀ ਅੱਬਾਕਾ ਨੇ ਬਹੁਤ ਥੋੜ੍ਹੀ ਫੌਜ ਨਾਲ 1525 ਤੋਂ 1570 ਤੱਕ 45 ਸਾਲ ਪੁਰਤਗਾਲੀਆਂ ਦਾ ਮੁਕਾਬਲਾ ਕੀਤਾ। ਇਸ ਕਾਰਨ ਹੀ ਉਸ ਨੂੰ 'ਅਭੈ ਰਾਣੀ' ਅਤੇ 'ਪਹਿਲੀ ਭਾਰਤੀ ਔਰਤ ਆਜ਼ਾਦੀ ਸੰਗ੍ਰਾਮੀ' ਮੰਨਿਆਂ ਜਾਂਦਾ ਹੈ

❊ ❊ ❊ ❊ ❊

....ਸਫਾ 29 ਦੀ ਬਾਕੀ

ਮਹਿਸੂਸ ਹੋ ਰਹੀ ਹੈ। ਵਾਹਿਗੁਰੂ ਇਨ੍ਹਾਂ ਦੀ ਕਲਮ ਨੂੰ ਹੋਰ ਤਾਕਤ ਬਖਸ਼ੇ।

(ਇਹ ਪਰਚਾ 11 ਜੁਲਾਈ, 2020 ਨੂੰ ਰੂਪਨਗਰ ਵਿਖੇ ਸਾਹਿਲ ਹੋਟਲ ਵਿੱਚ ਪੁਸਤਕ ਦੀ ਘੁੰਡ-ਚੁਕਾਈ ਸਮੇਂ ਪੜ੍ਹਿਆ ਗਿਆ।)

ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ

ਮੈਗਜ਼ੀਨ 'ਸੈਣੀ ਸੰਸਾਰ' ਦਾ 37ਵਾਂ ਅੰਕ ਲੋਕਅਰਪਣ ਕਰਦੇ ਹੋਏ ਸ. ਹਰਨੇਕ ਸਿੰਘ ਭੂਰਾ, ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ੍ਰੀ ਚਮਕੌਰ ਸਾਹਿਬ

ਰਜਨੀ ਹਰਬਲ ਵਲੋਂ ਇਮਊਨਟੀ ਵਧਾਉਣ ਲਈ ਤਿਆਰ ਕੀਤੀ ਗਈ ਦਵਾਈ "ਇਮਿਊਨ ਰਤਨ" ਲਾਂਚ ਕਰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ।

ਰੂਪਨਗਰ ਦੇ ਸਮਾਜਸੇਵੀ ਸ. ਜਤਿੰਦਰ ਸਿੰਘ, ਸੈਣੀ ਭਵਨ ਨੂੰ ਸੈਨੇਟਾਇਜ਼ਰ ਮਸ਼ੀਨ ਦਾਨ ਕਰਦੇ ਹੋਏ ।

ਸੈਣੀ ਭਵਨ ਵਿਖੇ 14ਵੇਂ ਖ਼ੂਨਦਾਨ ਕੈਂਪ ਦੌਰਾਨ ਖ਼ੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ ਸ. ਸੁਖਜੀਤ ਸਿੰਘ ਵਿਰਕ, ਡੀ.ਐੱਸ.ਪੀ. ਸ੍ਰੀ ਚਮਕੌਰ ਸਾਹਿਬ

ਸੈਣੀ ਸੰਸਾਰ
Saini Sansar

SAINI BHAWAN RUPNAGAR
PUNJAB
ਸਰਬਤ ਦਾ ਭਲਾ

Estb. 1971

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001